
ਰੋਜ਼ਾਨਾ ਲੋਕ ਬਾਣੀ
ਨੂੰ ਪੱਤਰਕਾਰਾਂ ਦੀ
ਲੋੜ
99155-94111

ਰੋਜ਼ਾਨਾ ਸੱਚ ਤੇ ਨਿਡਰ ਆਵਾਜ਼

# ਲੋਕ ਬਾਣੀ

Email : lokbani08@gmail.com    ਸ਼ਨਿਵਾਰ, 27 ਮਾਰਚ 2022    ਮੁੱਖ ਸੰਪਾਦਕ :- ਅਮਨ ਮਹਿਰਾ    (ਜਲੰਧਰ)

ਇਸ਼ਤਿਹਾਰ ਲਵਾਓ
ਵਪਾਰ ਵਧਾਓ
ਰੋਜ਼ਾਨਾ ਲੋਕ ਬਾਣੀ
ਅਖ਼ਬਾਰ ਵਿਚ
ਸੰਪਰਕ ਕਰੋ
0181-2211009
Newslokbani@gmail.com



R.N.I. Punpun/29016/2008 ✲ ਸਾਲ : 14 ✲ ਅੰਕ : 385 ✲ ਮੁੱਲ : 2.00 ਰੁਪਏ ✲ ਕੁੱਲ ਪੇਜ਼ : 10 ✲ ਫੈਕਸ : 0181-2211009 ✲ M. 99155-94111

## ਬਾਬਾ ਰਾਮ ਰਹੀਮ ਨੂੰ SIT ਨੇ ਕੀਤਾ ਨਾਮਜ਼ਦ

**ਮੋਹਾਲੀ/ਰਕੇਸ਼ ਮਸੀਹ**

ਪੰਜਾਬ 'ਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਬਾਅਦ ਗੁਰਮੀਤ ਰਾਮ ਰਹੀਮ ਦੀਆਂ ਮੁਸ਼ਕਿਲਾਂ ਵਧ ਗਈਆਂ ਹਨ।



ਰਾਮ ਰਹੀਮ ਨੂੰ 2 ਹੋਰ ਮਾਮਲਿਆਂ @ਚ ਮੁੱਖ ਦੋਸ਼ੀ ਨਾਮਜ਼ਦ ਕੀਤਾ ਗਿਆ ਹੈ। ਪਹਿਲੇ ਵਿੱਚ ਵਿਵਾਦਤ ਪੋਸਟਰ ਲਗਾਉਣ ਦਾ ਮਾਮਲਾ ਅਤੇ ਦੂਜਾ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਅੰਗਾਂ ਨੂੰ ਪ੍ਰਾਪਤ ਕਰਨ ਦਾ ਮਾਮਲਾ ਸ਼ਾਮਲ ਹੈ। ਇਸ ਦੇ ਲਈ ਫਰੀਦਕੋਟ ਅਦਾਲਤ ਨੇ ਰਾਮ ਰਹੀਮ ਨੂੰ 4 ਮਈ ਨੂੰ ਅਦਾਲਤ 'ਚ ਪੇਸ਼ ਹੋਣ ਦੇ ਹੁਕਮ ਦਿੱਤੇ ਹਨ। 4 ਮਈ ਨੂੰ ਵੀਡੀਓ ਕਾਨਫਰੰਸਿੰਗ ਰਾਹੀਂ ਇਸ ਪੇਸ਼ੀ ਹੋਵੇਗੀ। ਦੱਸ ਦੇਈਏ ਕਿ ਰਾਮ ਰਹੀਮ ਇਸ ਸਮੇਂ ਰੋਹਤਕ ਦੀ ਸੁਨਾਰੀਆ ਜੇਲ੍ਹ ਵਿੱਚ ਬੰਦ ਹੈ।

## ਯੂਕਰੇਨ ਤੇ ਹੋਇਆ ਜਬਰਦਸਤ ਹਵਾਈ ਹਮਲਾ




**ਖਾਰਕੀਵ/ਲੋਕ ਬਾਣੀ**

ਯੂਕ੍ਰੇਨ ਦੇ ਮਾਰੀਉਪੋਲ ਸ਼ਹਿਰ ਦੀ ਸਰਕਾਰ ਨੇ ਸ਼ੁੱਕਰਵਾਰ ਨੂੰ ਕਿਹਾ ਕਿ ਪਿਛਲੇ ਹਫ਼ਤੇ ਇਕ ਥਿਏਟਰ 'ਤੇ ਰੂਸੀ ਹਵਾਈ ਹਮਲੇ 'ਚ 300 ਲੋਕ ਮਾਰੇ ਗਏ ਸਨ। ਰੂਸ ਦੇ ਹਮਲਿਆਂ ਤੋਂ ਬਚਣ ਲਈ ਲੋਕਾਂ ਨੇ ਇਸ ਥਿਏਟਰ 'ਚ ਸ਼ਰਨ ਲਈ ਸੀ। ਟੈਲੀਗ੍ਰਾਮ ਚੈਨਲ 'ਤੇ ਚਸ਼ਮਦੀਦਾਂ ਦੇ ਹਵਾਲੇ ਤੋਂ ਸ਼ਹਿਰ ਸਰਕਾਰ ਨੇ ਦੱਸਿਆ ਕਿ ਮ੍ਰਿਤਕਾਂ ਦੀ ਗਿਣਤੀ ਲਗਭਗ 300 ਸੀ। ਇਹ ਤੁਰੰਤ ਸਪੱਸ਼ਟ ਨਹੀਂ ਹੈ ਕਿ ਕੀ ਐਮਰਜੈਂਸੀ ਕਰਮਚਾਰੀਆਂ ਨੇ ਮੌਕੇ 'ਤੇ ਪੂਰਾ ਮੁਆਇਨਾ ਕਰ ਲਿਆ ਸੀ ਅਤੇ ਚਸ਼ਮਦੀਦਾਂ ਨੂੰ ਮੌਕੇ ਦੇ ਅੰਕੜਿਆਂ ਦੇ ਬਾਰੇ 'ਚ ਕਿਵੇਂ ਪਤਾ ਚੱਲਿਆ।

ਹਵਾਈ ਹਮਲੇ ਦੇ ਤੁਰੰਤ ਬਾਅਦ, ਯੂਕ੍ਰੇਨ ਸੰਸਦ ਦੇ ਮਨੁੱਖੀ ਅਧਿਕਾਰੀ ਕਮਿਸ਼ਨਰ ਲੁਡਮਿਲਾ ਡੇਨੀਸੋਵਾ ਨੇ ਕਿਹਾ ਸੀ ਕਿ 1,300 ਤੋਂ ਜ਼ਿਆਦਾ ਲੋਕ ਇਮਾਰਨ 'ਚ ਸ਼ਰਨ ਲੈ ਰਹੇ ਸਨ। ਖਾਰਕੀਵ ਦੇ ਬਾਹਰੀ ਇਲਾਕੇ 'ਚ ਸ਼ੁੱਕਰਵਾਰ ਨੂੰ ਧੁੰਦ ਛਾਈ ਰਹੀ ਅਤੇ ਸਵੇਰ ਤੋਂ ਹੀ ਲਗਾਤਾਰ ਗੋਲੀਬਾਰੀ ਹੋ ਰਹੀ ਹੈ। ਸ਼ਹਿਰ ਦੇ ਇਕ ਹਸਤਪਾਲ 'ਚ ਕਈ ਜ਼ਖਮੀ ਫੌਜੀਆਂ ਨੂੰ ਲਿਜਾਇਆ ਗਿਆ ਅਤੇ ਉਥੇ ਉਨ੍ਹਾਂ ਦਾ ਇਲਾਜ ਚੱਲ ਰਿਹਾ ਹੈ। ਇਸ ਦਰਮਿਆਨ ਯੂਕ੍ਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਂਸਕੀ ਨੇ ਆਪਣੇ ਦੇਸ਼ ਤੋਂ ਆਪਣੀ ਫੌਜੀ ਰੱਖਿਆ ਬਣਾਏ ਰੱਖਣ ਦੀ ਅਪੀਲ ਕੀਤੀ।

## ਪਾਕਿਸਤਾਨ ਵਿੱਚ ਇਮਰਾਨ ਸਰਕਾਰ ਖਤਰੇ ਵਿੱਚ

**ਇਸਲਾਮਾਬਾਦ/ਲੋਕ ਬਾਣੀ**

ਪਾਕਿਸਤਾਨ ਦੀ ਨੈਸ਼ਨਲ ਅਸੈਂਬਲੀ ਦਾ ਅਹਿਮ ਸੈਸ਼ਨ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਖ਼ਿਲਾਫ਼ ਬੇਭਰੋਸਗੀ ਮਤਾ ਪੇਸ਼ ਕੀਤੇ ਬਿਨਾਂ ਹੀ ਮੁਲਤਵੀ ਕਰ ਦਿੱਤਾ ਗਿਆ। ਇਸ ਦੌਰਾਨ ਵਿਰੋਧੀ ਧਿਰ ਦੇ ਸੰਸਦ ਮੈਂਬਰਾਂ ਨੇ ਜ਼ੋਰਦਾਰ ਪ੍ਰਦਰਸ਼ਨ ਕੀਤਾ। ਨੈਸ਼ਨਲ ਅਸੈਂਬਲੀ ਦੇ ਸਪੀਕਰ ਅਸਦ ਕੈਸਰ ਨੇ ਕਿਹਾ ਕਿ ਪਾਕਿਸਤਾਨ ਤਹਿਰੀਕ-ਏ-ਇਨਸਾਫ਼ ਦੇ ਸੰਸਦ ਮੈਂਬਰ ਖ਼ਯਾਲ ਜ਼ਮਾਨ ਦੀ ਮੌਤ ਕਾਰਨ ਸੈਸ਼ਨ 28 ਮਾਰਚ ਨੂੰ ਸ਼ਾਮ 4 ਵਜੇ ਤੱਕ ਮੁਲਤਵੀ ਕਰ ਦਿੱਤਾ ਗਿਆ ਹੈ। ਨੈਸ਼ਨਲ ਅਸੈਂਬਲੀ ਵਿੱਚ ਵਿਰੋਧੀ ਧਿਰ ਦੇ ਨੇਤਾ ਸ਼ਾਹਬਾਜ਼ ਸ਼ਰੀਫ਼, ਪਾਕਿਸਤਾਨ ਪੀਪਲਜ਼ ਪਾਰਟੀ ਦੇ ਚੇਅਰਮੈਨ ਬਿਲਾਵਲ ਭੁੱਟੋ, ਸਹਿ-ਪ੍ਰਧਾਨ ਆਸਿਫ਼ ਅਲੀ ਜ਼ਰਦਾਰੀ ਅਤੇ ਵਿਰੋਧੀ ਧਿਰ ਦੇ ਕਈ ਪ੍ਰਭਾਵਸ਼ਾਲੀ ਸੰਸਦ ਮੈਂਬਰ ਬਹੁ-ਉਡੀਕ ਸੈਸ਼ਨ ਵਿੱਚ ਸ਼ਾਮਲ ਹੋਣ ਲਈ ਸੰਸਦ ਵਿੱਚ ਮੌਜੂਦ ਸਨ।



## ਕਿਸਾਨਾਂ ਕੀਤਾ ਮੋਹਾਲੀ ਵਿੱਚ ਜਬਰਦਸਤ ਪ੍ਰਦਰਸ਼ਨ



**ਮੋਹਾਲੀ/ਰਕੇਸ਼ ਮਸੀਹ:-** ਸੰਯੁਕਤ ਕਿਸਾਨ ਮੋਰਚਾ ਦੀ ਅਗਵਾਈ ਹੇਠ ਪੰਜਾਬ ਅਤੇ ਹਰਿਆਣਾ ਦੀਆਂ ਵੱਖ-ਵੱਖ ਕਿਸਾਨ ਜਥੇਬੰਦੀਆਂ (ਚੋਣ ਲੜਨ ਵਾਲੀਆਂ ਕਿਸਾਨ ਜਥੇਬੰਦੀਆਂ ਨੂੰ ਛੱਡ ਕੇ) ਨੇ ਅੱਜ ਮੁਹਾਲੀ ਵਿਖੇ ਕੇਂਦਰ ਸਰਕਾਰ ਖ਼ਿਲਾਫ਼ ਸੂਬਾ ਪੱਧਰੀ ਰੋਸ ਮੁਜ਼ਾਹਰਾ ਕੀਤਾ ਅਤੇ ਪ੍ਰਧਾਨ ਮੰਤਰੀ 'ਤੇ ਵਾਅਦਾਖ਼ਿਲਾਫ਼ੀ ਦਾ ਦੋਸ਼ ਲਾਇਆ।

ਅੱਜ ਸਵੇਰੇ ਹੀ ਪੰਜਾਬ ਤੇ ਹਰਿਆਣਾ ਦੇ ਕਿਸਾਨ ਮੁਹਾਲੀ ਦੇ ਇਤਿਹਾਸਕ ਗੁਰਦੁਆਰਾ ਅੰਬ ਸਾਹਿਬ ਦੇ ਬਾਹਰ ਪੁੱਡਾ ਮੈਦਾਨ ਵਿੱਚ ਪਹੁੰਚਣੇ ਸ਼ੁਰੂ ਹੋ ਗਏ ਸੀ ਅਤੇ ਦੁਪਹਿਰ ਤੱਕ ਕਿਸਾਨਾਂ ਦੀ ਵੱਡੀ ਭੀੜ ਹੋ ਗਈ। ਕਿਸਾਨ ਆਗੂਆਂ ਨੇ ਕੇਂਦਰ ਸਰਕਾਰ ਨੂੰ ਰੱਜ ਕੇ ਕੋਸਿਆ ਅਤੇ ਪੰਜਾਬ ਦੀ ਨਵੀਂ ਬਣੀ 'ਆਪ' ਸਰਕਾਰ ਨੂੰ ਰਗੜੇ ਲਾਏ। ਇਸ ਦੌਰਾਨ ਹਰਿਆਣਾ ਦੇ ਕਿਸਾਨ ਆਗੂ ਰਾਕੇਸ਼ ਟਿਕੈਤ, ਹਰਿੰਦਰ ਸਿੰਘ ਲੱਖੋਵਾਲ, ਜਗਜੀਤ ਸਿੰਘ ਡੱਲੇਵਾਲ, ਗੁਰਿੰਦਰ ਸਿੰਘ ਭੰਗੂ ਸਣੇ ਕਿਸਾਨਾਂ ਦੇ 40 ਮੈਂਬਰੀ ਵਫਦ ਨੇ ਪੰਜਾਬ ਤੇ ਹਰਿਆਣਾ ਦੇ ਰਾਜਪਾਲਾਂ ਨਾਲ ਮੁਲਾਕਾਤ ਕਰਕੇ ਉਨ੍ਹਾਂ ਨੂੰ ਕਿਸਾਨੀ ਮੰਗਾਂ ਸਬੰਧੀ ਦੇਸ਼ ਦੇ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਦੇ ਨਾਮ ਲਿਖੇ ਮੰਗ ਪੱਤਰ ਦਿੱਤੇ ਗਏ।

## ਆਮ ਲੋਕਾਂ ਵਿੱਚ ਪੈਟਰੋਲ, ਡੀਜ਼ਲ ਦੀਆਂ ਕੀਮਤਾਂ ਵਿਚ ਵਾਧੇ ਕਾਰਨ ਕਾਫੀ ਰੋਸ



**ਦਿੱਲੀ/ਕਪੂਰ**

ਪੈਟਰੋਲ- ਅਤੇ ਡੀਜ਼ਲ ਦੀਆਂ ਕੀਮਤਾਂ ਵਿੱਚ ਅੱਜ ਮੁੜ 80-80 ਪੈਸੇ ਪ੍ਰਤੀ ਲਿਟਰ ਦਾ ਵਾਧਾ ਕੀਤਾ ਗਿਆ। ਚਾਰ ਦਿਨਾਂ ਵਿੱਚ ਕੀਮਤਾਂ ਵਿੱਚ ਇਹ ਤੀਜਾ ਵਾਧਾ ਹੈ। ਚਾਰ ਦਿਨਾਂ 'ਚ ਇਨ੍ਹਾਂ ਦੇ ਭਾਅ 'ਚ 2.40 ਰੁਪਏ ਪ੍ਰਤੀ ਲਿਟਰ ਵਾਧਾ ਹੋ ਚੁੱਕਿਆ ਹੈ। ਜਨਤਕ ਖੇਤਰ ਦੀਆਂ ਪੈਟਰੋਲੀਅਮ ਮਾਰਕੀਟਿੰਗ ਕੰਪਨੀਆਂ ਵੱਲੋਂ ਜਾਰੀ ਕੀਮਤ ਨੋਟੀਫਿਕੇਸ਼ਨ ਮੁਤਾਬਕ ਰਾਸ਼ਟਰੀ ਰਾਜਧਾਨੀ ਦਿੱਲੀ 'ਚ ਪੈਟਰੋਲ ਦੀ ਕੀਮਤ ਹੁਣ 97.01 ਰੁਪਏ ਤੋਂ ਵਧ ਕੇ 97.81 ਰੁਪਏ ਪ੍ਰਤੀ ਲਿਟਰ ਅਤੇ ਡੀਜ਼ਲ ਦੀ ਕੀਮਤ 88.27 ਰੁਪਏ ਤੋਂ ਵਧ ਕੇ 89.07 ਰੁਪਏ ਪ੍ਰਤੀ ਲਿਟਰ ਹੋ ਗਈ ਹੈ।

## ਪੰਜਾਬ ਸਰਕਾਰ ਵੱਲੋਂ ਤਿੰਨ ਆਈਪੀਐਸ ਅਧਿਕਾਰੀਆਂ ਦੇ ਤਬਾਦਲੇ

**ਚੰਡੀਗੜ੍ਹ/ਲੋਕ ਬਾਣੀ:** ਪੰਜਾਬ ਸਰਕਾਰ ਨੇ ਆਈਪੀਐਸ ਅਫਸਰਾਂ ਦਾ ਤਬਾਦਲਾ ਕੀਤਾ ਹੈ। ਅੱਜ ਪੰਜਾਬ ਸਰਕਾਰ ਨੇ ਤਿੰਨ ਸੀਨੀਅਰ ਆਈਪੀਐਸ ਅਫਸਰਾਂ ਦੇ ਤਬਾਦਲਿਆਂ ਦੇ ਨਾਲ ਵਿਭਾਗ ਵੀ ਬਦਲ ਦਿੱਤੇ ਹਨ। ਜਿਨ੍ਹਾਂ ਤਿੰਨ ਅਧਿਕਾਰੀਆਂ ਨੂੰ ਟਰਾਂਸਫਰ ਕੀਤਾ ਹੈ ਉਨ੍ਹਾਂ ਵਿੱਚ 1998 ਬੈਚ ਦੇ ਆਈਪੀਐਸ ਅਧਿਕਾਰੀ ਪ੍ਰਬੋਧ ਕੁਮਾਰ, 1994 ਬੈਚ ਦੇ ਆਈਪੀਐਸ ਅਧਿਕਾਰੀ ਐਸਐਸ ਸ੍ਰੀਵਾਸਤਵਾ ਅਤੇ 1994 ਬੈਚ ਦੇ ਆਈਪੀਐਸ ਅਧਿਕਾਰੀ ਅਮਰਦੀਪ ਸਿੰਘ ਹਨ।




## ਮਸ਼ਹੂਰ ਵੰਡਰਲੈਂਡ ਪਾਰਕ ਵਿੱਚ ਹੋਈ 15 ਸਾਲਾਂ ਬਚੇ ਦੀ ਮੌਤ

**ਜਲੰਧਰ/ਦੀਪਕ ਨਟਰਾਜ**

ਜਲੰਧਰ ਵਿਖੇ ਨਕੋਦਰ ਰੋਡ ਸਥਿਤ ਵੰਡਰਲੈਂਡ 'ਚ ਇਕ ਬੱਚੇ ਦੀ ਸ਼ੱਕੀ ਹਾਲਾਤ 'ਚ ਮੌਤ ਹੋਣ ਦੀ ਖ਼ਬਰ ਮਿਲੀ ਹੈ। ਮ੍ਰਿਤਕ ਬੱਚੇ ਦੀ ਪਛਾਣ ਪਿਦਾ ਪੁੱਤਰ ਨਛੱਤਰ ਵਾਸੀ ਚੱਕ ਵੈਂਡਲ ਦੇ ਰੂਪ 'ਚ ਹੋਈ ਹੈ। ਉਕਤ ਬੱਚੇ ਦੀ ਉਮਰ 15 ਸਾਲ ਦੱਸੀ ਜਾ ਰਹੀ ਹੈ। ਦੱਸਿਆ ਜਾ ਰਿਹਾ ਹੈ ਕਿ ਉਹ ਮੌਜ-ਮਸਤੀ ਕਰ ਰਿਹਾ ਸੀ ਕਿ ਇਸ ਦਰਮਿਆਨ ਅਚਾਨਕ ਉਸ ਦੀ ਮੌਤ ਹੋ ਗਈ। ਘਟਨਾ ਦੀ ਸੂਚਨਾ ਮਿਲਦੇ ਹੀ ਮੌਕੇ 'ਤੇ ਪਹੁੰਚੇ ਲਾਂਬੜਾ ਥਾਣਾ ਦੇ ਐੱਸ. ਐੱਚ. ਓ. ਨੇ ਲਾਸ਼ ਨੂੰ ਕਬਜ਼ੇ 'ਚ ਲੈ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਦੱਸਿਆ ਜਾ ਰਿਹਾ ਹੈ ਕਿ ਬੱਚੇ ਨੂੰ ਮਿਰਗੀ ਦੇ ਦੌਰੇ ਪੈਂਦੇ ਸਨ। ਬੱਚਾ ਆਪਣੇ ਪੰਜ ਸਾਥੀਆਂ ਦੇ ਨਾਲ ਵੰਡਰਲੈਂਡ ਪਿਕਨਿਕ ਸਪਾਟ 'ਤੇ ਆਇਆ ਸੀ ਅਤੇ ਬੋਟਿੰਗ ਕਰਨ ਤੋਂ ਬਾਅਦ ਜਿਵੇਂ ਹੀ ਉਹ ਰੇਲਵੇ ਟਰੈਕ 'ਤੇ ਪਹੁੰਚਿਆ ਤਾਂ ਉਸ ਦੇ ਮੂੰਹ ਵਿੱਚੋਂ ਝੱਗ ਨਿਕਲਣ ਲੱਗ ਗਈ। ਮੌਕੇ 'ਤੇ ਤੁਰੰਤ ਲੋਕਾਂ ਨੇ ਉਸ ਨੂੰ ਪ੍ਰਾਈਵੇਟ ਹਸਪਤਾਲ ਇਲਾਜ ਲਈ ਪਹੁੰਚਾਇਆ ਪਰ ਉਸ ਦੀ ਮੌਤ ਹੋ ਚੁੱਕੀ ਸੀ।




## ਗੁਰਦਾਸਪੁਰ ਤੋਂ ਪੱਤਰਕਾਰ ਦੀ ਨਿਯੁਕਤੀ

ਅਦਾਰਾ 'ਰੋਜ਼ਾਨਾ ਲੋਕ ਬਾਣੀ' ਵੱਲੋਂ ਜਤਿੰਦਰ ਕੁਮਾਰ ਨੂੰ ਗੁਰਦਾਸਪੁਰ ਤੋਂ ਪੱਤਰਕਾਰ ਨਿਯੁਕਤ ਕੀਤਾ ਜਾਂਦਾ ਹੈ ।ਖ਼ਬਰਾ ਅਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ ।



ਜਤਿੰਦਰ ਕੁਮਾਰ

ਮੋ:- 99880-93581

ਪੰਜਾਬ ਦੇ ਹਰ ਜ਼ਿਲ੍ਹੇ ਤੋਂ ਰੋਜ਼ਾਨਾ ਲੋਕ ਬਾਣੀ ਅਖ਼ਬਾਰ ਲਈ
ਪੱਤਰਕਾਰਾਂ ਦੀ ਲੋੜ ਹੈ ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫਤਰ
ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 99155-94111

Website : www.lokbani.com
lokbani08@gmail.com

# ਜਲੰਧਰ ਵਿਖੇ ਕਲਰਕ ਬੀਬੀ ਲੱਖਾਂ ਦੀ ਰਿਸ਼ਵਤ ਲੈਣ ਦੇ ਦੋਸ਼ ਹੇਠ ਕਾਬੂ



**ਜਲੰਧਰ/ਲੋਕ ਬਾਣੀ**

ਪੰਜਾਬ ਵਿਚ ਭ੍ਰਿਸ਼ਟਾਚਾਰ ਖ਼ਿਲਾਫ਼ ਪਹਿਲਾ ਵੱਡਾ ਸ਼ਿਕੰਜਾ ਕੱਸਿਆ ਗਿਆ ਹੈ। ਸ਼ਿਕਾਇਤ ਮਿਲਣ ਤੋਂ ਬਾਅਦ ਜਲੰਧਰ ਤਹਿਸੀਲਦਾਰ ਦਫ਼ਤਰ ਵਿਚ ਕਲਰਕ ਨੂੰ 4.80 ਲੱਖ ਰੁਪਏ ਰਿਸ਼ਵਤ ਲੈਣ ਦੇ ਇਲਜ਼ਾਮਾਂ ਤਹਿਤ ਕਾਬੂ ਕੀਤਾ ਗਿਆ ਹੈ। ਮਿਲੀ ਜਾਣਕਾਰੀ ਮੁਤਾਬਕ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਜਾਰੀ ਕੀਤੀ ਗਈ ਐਂਟੀ-ਕੁਰੱਪਸ਼ਨ ਐਕਸ਼ਨ ਹੈਲਪਲਾਈਨ ਨੰਬਰ @ਤੇ ਸ਼ਿਕਾਇਤ ਕੀਤੀ ਗਈ ਸੀ। ਮਹਿਲਾ ਕਲਰਕ @ਤੇ ਇਲਜ਼ਾਮ ਹਨ ਕਿ ਉਸ ਨੇ ਨੌਕਰੀ ਦਿਵਾਉਣ ਦੇ ਨਾਮ @ਤੇ 4 ਲੱਖ 8 ਹਜ਼ਾਰ ਰੁਪਏ ਰਿਸ਼ਵਤ ਲਈ। ਸ਼ਿਕਾਇਤ ਤੋਂ ਬਾਅਦ ਜਾਂਚ ਵਿਚ ਮਹਿਲਾ ਕਲਰਕ ਦੋਸ਼ੀ ਪਾਈ ਗਈ। ਮਹਿਲਾ ਕਲਰਕ ਖ਼ਿਲਾਫ਼ ਬਾਰਾਂਦਰੀ ਥਾਣੇ ਵਿਚ ਮਾਮਲਾ ਦਰਜ ਕਰ ਲਿਆ ਗਿਆ ਅਤੇ ਅਗਲੇਰੀ ਜਾਂਚ ਕੀਤੀ ਜਾ ਰਹੀ ਹੈ।

# ਪੰਜਾਬ-ਹਿਮਾਚਲ ਬਾਰਡਰ ਨੇੜੇ ਚੱਲੀਆਂ ਗੋਲੀਆਂ, ਔਰਤ ਦੀ ਮੌਤ

**ਹਰਿਆਣਾ/ਲੋਕ ਬਾਣੀ**

ਅੱਜ ਦਿਨ-ਦਿਹਾੜੇ ਪੰਜਾਬ-ਹਿਮਾਚਲ ਬਾਰਡਰ (ਬਹੇੜਾ) ਨੇੜੇ ਗੋਲੀਆਂ ਚੱਲਣ ਦੀ ਖ਼ਬਰ ਸਾਹਮਣੇ ਆਈ ਹੈ, ਜਿਸ ਨਾਲ ਇਕ ਔਰਤ ਰਕਸ਼ਾ ਦੇਵੀ ਪਤਨੀ ਤਰਸੇਮ ਲਾਲ ਵਾਸੀ ਢੋਲਵਾਹਾ ਦੀ ਮੌਤ ਹੋ ਗਈ ਤੇ ਉਸ ਦਾ ਭਾਣਜਾ ਰਜਨੀਸ਼ ਕੁਮਾਰ ਪੁੱਤਰ ਸੁਖਰਾਮ ਸਿੰਘ ਵਾਸੀ ਟੈਂਟਪਾਲ ਗੰਭੀਰ ਰੂਪ @ਚ ਜ਼ਖ਼ਮੀ ਹੋ ਗਿਆ।

# ਜੀਂਦ 'ਚ ਸ਼ਹੀਦੀ ਦਿਹਾੜੇ ਮੌਕੇ ਮੈਰਾਥਨ ਕਾਰਨ ਹਾਈਵੇਅ ਬਲਾਕ, ਜਨਤਾ ਰਹੀ ਪਰੇਸ਼ਾਨ

**ਜੀਂਦ/ਲੋਕ ਬਾਣੀ**:- ਹਰਿਆਣਾ ਦੇ ਜੀਂਦ 'ਚ ਸ਼ਹੀਦੀ ਦਿਹਾੜੇ ਮੌਕੇ ਮੈਰਾਥਨ ਦਾ ਆਯੋਜਨ ਕੀਤਾ ਗਿਆ। ਹਰਿਆਣਾ ਦੇ ਡਿਪਟੀ ਸੀ. ਐੱਮ. ਦੁਸ਼ਯੰਤ ਚੌਟਾਲਾ ਬਤੌਰ ਮੁੱਖ ਮਹਿਮਾਨ ਇਸ 'ਚ ਸ਼ਾਮਲ ਹੋਏ। ਇਸ ਮੌਕੇ ਉਨ੍ਹਾਂ ਨੇ ਕਿਹਾ ਕਿ ਉਚਾਨਾ 'ਚ ਸ਼ਹੀਦ ਭਗਤ ਸਿੰਘ ਦੇ 33 ਫੁੱਟ ਉੱਚੇ ਬੁੱਤ ਦਾ ਲੱਗੇਗਾ। ਇਸ ਦੌਰਾਨ ਨੈਸ਼ਨਲ ਹਾਈਵੇਅ ਕਈ ਘੰਟੇ ਤੱਕ ਬਲਾਕ ਰੱਖਿਆ ਗਿਆ, ਜਿਸ ਕਾਰਨ ਲੋਕਾਂ ਨੂੰ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪਿਆ। ਜਨਤਾ ਨੇ ਕਿਹਾ ਕਿ ਉੱਪ ਮੁੱਖ ਮੰਤਰੀ ਨੇ ਹਾਈਵੇਅ ਬਲਾਕ ਕਰ ਕੇ ਗਲਤ ਕੀਤਾ ਹੈ। ਪ੍ਰਸ਼ਾਸਨ ਨੇ ਬਿਨਾਂ ਐਡਵਾਇਜ਼ਰੀ ਜਾਰੀ ਕੀਤੇ ਨੈਸ਼ਨਲ ਹਾਈਵੇਅ ਬੰਦ ਕਰ ਦਿੱਤਾ।

ਓਧਰ ਡਿਪਟੀ ਸੀ. ਐੱਮ. ਦੁਸ਼ਯੰਤ ਨੇ ਮੈਰਾਥਨ ਦੇ ਸਮਾਪਤ 'ਤੇ ਕਿਹਾ ਕਿ ਹਜ਼ਾਰਾਂ ਲੋਕਾਂ ਨੇ ਮੈਰਾਥਨ 'ਚ ਸ਼ਾਮਲ ਹੋ ਕੇ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਸ਼ਰਧਾਂਜਲੀ ਦਿੱਤੀ ਹੈ। ਹਰ ਸਾਲ ਉਚਾਨਾ 'ਚ 23 ਮਾਰਚ ਨੂੰ ਸ਼ਹੀਦੀ ਦਿਹਾੜਾ ਮਨਾਇਆ ਜਾਵੇਗਾ। ਖੇਡ ਕੋਟਾ 'ਤੇ ਬੋਲਦੇ ਹੋਏ ਉਨ੍ਹਾਂ ਕਿਹਾ ਕਿ 15 ਮਾਰਚ ਨੂੰ ਜੋ ਨੋਟੀਫਿਕੇਸ਼ਨ ਜਾਰੀ ਹੋਇਆ ਹੈ, ਉਸ ਦੀ ਉਨ੍ਹਾਂ ਨੂੰ ਜਾਣਕਾਰੀ ਨਹੀਂ ਹੈ।

# 1 ਅਪ੍ਰੈਲ ਤੋਂ ਸ਼ੁਰੂ ਹੋਵੇਗੀ ਕਣਕ ਦੀ ਸਰਕਾਰੀ ਖਰੀਦ-ਡਿਪਟੀ ਕਮਿਸ਼ਨਰ ਅੰਮ੍ਰਿਤਸਰ

**ਅੰਮ੍ਰਿਤਸਰ/ਲੋਕ ਬਾਣੀ**

ਆ ਰਹੇ ਕਣਕ ਦੇ ਖ਼ਰੀਦ ਸੀਜ਼ਨ ਨੂੰ ਧਿਆਨ ਵਿਚ ਰੱਖਦੇ ਹੋਏ ਅੱਜ ਡਿਪਟੀ ਕਮਿਸ਼ਨਰ ਸ. ਗੁਰਪ੍ਰੀਤ ਸਿੰਘ ਖਹਿਰਾ ਨੇ ਮੰਡੀ ਬੋਰਡ ਦੇ ਅਧਿਕਾਰੀਆਂ, ਜ਼ਿਲ੍ਹਾ ਖ਼ੁਰਾਕ ਤੇ ਸਿਵਲ ਸਪਲਾਈ ਕੰਟਰੋਲਰ, ਖ਼ਰੀਦ ਏਜੰਸੀਆਂ ਤੇ ਆੜ੍ਹਤੀਆਂ ਨਾਲ ਵਿਸਥਾਰਤ ਮੀਟਿੰਗ ਕੀਤੀ। ਇਸ ਮੌਕੇ ਉਨ੍ਹਾਂ ਦੱਸਿਆ ਕਿ ਸਰਕਾਰ ਦੀਆਂ ਹਦਾਇਤਾਂ ਅਨੁਸਾਰ 1 ਅਪ੍ਰੈਲ ਤੋਂ ਕਣਕ ਦੀ ਸਰਕਾਰੀ ਖ਼ਰੀਦ ਸ਼ੁਰੂ ਕੀਤੀ ਜਾਣੀ ਹੈ, ਇਸ ਲਈ ਇਸ ਨੂੰ ਧਿਆਨ ਵਿਚ ਰੱਖਦੇ ਹੋਏ ਸਾਰੇ ਪ੍ਰਬੰਧ ਮੁਕੰਮਲ ਕਰ ਲਏ ਜਾਣ।




# ਯੋਗੀ ਨੇ ਯੂਪੀ ਦੇ ਮੁੱਖ ਮੰਤਰੀ ਦੀ ਦੂਜੀ ਵਾਰ ਸਹੁੰ ਚੁੱਕੀ: ਮੌਰਿਆ ਤੇ ਪਾਠਕ ਉਪ ਮੁੱਖ ਮੰਤਰੀ



**ਲਖਨਊ/ਲੋਕ ਬਾਣੀ**

ਲਖਨਊ ਦੇ ਅਟਲ ਬਿਹਾਰੀ ਵਾਜਪਾਈ ਏਕਾਨਾ ਸਟੇਡੀਅਮ ਵਿੱਚ ਹੋਏ ਸਹੁੰ ਚੁੱਕ ਸਮਾਗਮ ਵਿੱਚ ਯੋਗੀ ਆਦਿਤਿਆਨਾਥ ਨੇ ਦੂਜੀ ਵਾਰ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਵਜੋਂ ਸਹੁੰ ਚੁੱਕੀ। ਰਾਜਪਾਲ ਆਨੰਦੀਬੇਨ ਪਟੇਲ ਨੇ ਯੋਗੀ ਨੂੰ ਅਹੁਦੇ ਦੀ ਸਹੁੰ ਚੁਕਾਈ। ਸਰਕਾਰ @ਚ ਉਪ ਮੁੱਖ ਮੰਤਰੀ ਕੇਸ਼ਵ ਪ੍ਰਸਾਦ ਮੌਰਿਆ ਅਤੇ ਉਪ ਮੁੱਖ ਮੰਤਰੀ ਬ੍ਰਜੇਸ਼ ਪਾਠਕ ਨੇ ਵੀ ਸਹੁੰ ਚੁੱਕੀ। ਸਹੁੰ ਚੁੱਕ ਸਮਾਗਮ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਭਾਜਪਾ ਪ੍ਰਧਾਨ ਜਗਤ ਪ੍ਰਕਾਸ਼ ਨੱਢਾ, ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਰੱਖਿਆ ਮੰਤਰੀ ਰਾਜਨਾਥ ਸਿੰਘ ਸ਼ਾਮਲ ਹੋਏ।

# ਬੀਰਭੂਮ ਹਿੰਸਾ ਦੀ ਸੀਬੀਆਈ ਜਾਂਚ ਦੇ ਹੁਕਮ

**ਕੋਲਕਾਤਾ/ਲੋਕ ਬਾਣੀ**

ਕਲਕੱਤਾ ਹਾਈ ਕੋਰਟ ਨੇ ਬੀਰਭੂਮ ਹਿੰਸਾ ਮਾਮਲੇ ਦੀ ਕੇਂਦਰੀ ਜਾਂਚ ਬਿਊਰੋ (ਸੀਬੀਆਈ) ਨੂੰ ਜਾਂਚ ਦੇ ਹੁਕਮ ਦਿੱਤੇ ਹਨ। ਅਦਾਲਤ ਨੇ ਪੱਛਮੀ ਬੰਗਾਲ ਸਰਕਾਰ ਵੱਲੋਂ ਬਣਾਈ ਵਿਸ਼ੇਸ਼ ਜਾਂਚ ਟੀਮ (ਐੱਸਆਈਟੀ) ਨੂੰ ਕੇਸ ਦੇ ਕਾਗਜ਼ ਅਤੇ ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਨੂੰ ਸੀਬੀਆਈ ਨੂੰ ਸੌਂਪਣ ਲਈ ਕਿਹਾ ਹੈ।



# ਪੰਚਾਇਤ ਯੂਨੀਅਨ ਨੇ ਪੰਜਾਬ ਸਰਕਾਰ ਦੇ ਫੰਡਾਂ 'ਤੇ ਲਗਾਈ ਰੋਕ ਦੇ ਫੈਸਲੇ ਦੀ ਕੀਤੀ ਨਿਖੇਧੀ



**ਤਲਵਾੜਾ/ਲੋਕ ਬਾਣੀ**

ਪੰਜਾਬ ਸਰਕਾਰ ਵੱਲੋਂ ਪੰਚਾਇਤੀ ਫੰਡਾਂ 'ਤੇ ਲਗਾਈ ਐਣਐਲਾਨੀ ਰੋਕ 'ਤੇ ਪੰਚਾਇਤ ਯੂਨੀਅਨ ਤਲਵਾੜਾ ਨੇ ਸਖ਼ਤ ਇਤਰਾਜ਼ ਪ੍ਰਗਟਾਇਆ ਹੈ। ਇੱਥੇ ਯੂਨੀਅਨ ਦੀ ਪ੍ਰਧਾਨ ਨਵਲ ਕਿਸ਼ੋਰ ਮਹਿਤਾ ਦੀ ਪ੍ਰਧਾਨਗੀ ਹੇਠ ਮੀਟਿੰਗ ਹੋਈ। ਮੀਟਿੰਗ 'ਚ ਵੱਖ ਵੱਖ ਪਿੰਡਾਂ ਦੇ ਸਰਪੰਚਾਂ ਨੇ 'ਆਪ' ਸਰਕਾਰ 'ਤੇ ਨਿਸ਼ਾਨਾ ਸੇਧਦਿਆਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਅਜੇ ਤੱਕ ਪੰਚਾਇਤਾਂ ਨੂੰ ਕੋਈ ਫੰਡ ਨਹੀਂ ਦਿੱਤਾ, ਪਿਛਲੀ ਸਰਕਾਰ ਵੱਲੋਂ ਦਿੱਤੇ ਫੰਡ ਪੰਚਾਇਤਾਂ ਵਿਕਾਸ ਕਾਰਜਾਂ 'ਤੇ ਖਰਚ ਕਰ ਚੁੱਕੀਆਂ ਹਨ, ਪਰ ਚੋਣ ਜ਼ਾਬਤਾ ਲੱਗਣ ਕਾਰਨ ਜ਼ਿਆਦਾਤਰ ਅਦਾਇਗੀਆਂ ਰਹਿੰਦੀਆਂ ਹਨ। ਪੰਜਾਬ ਸਰਕਾਰ ਨੇ ਰਾਜ ਦੇ ਸਮੂਹ ਵਧੀਕ ਡਿਪਟੀ ਕਮਿਸ਼ਨਰਾਂ ਅਤੇ ਜ਼ਿਲ੍ਹਾ ਪੰਚਾਇਤ ਅਫ਼ਸਰਾਂ ਨੂੰ ਮੀਮੋ ਨੰਬਰ 2/1/ 2 ਬਸ -7/ 201 ਤਹਿਤ ਮਿਤੀ 22-03- 2020 ਨੂੰ ਪੱਤਰ ਜ਼ਾਰੀ ਕਰ ਅਗਲੇ ਹੁਕਮਾਂ ਤੱਕ ਸਾਲ 2021-22 ਨੂੰ ਜ਼ਾਰੀ ਗ੍ਰਾਂਟਾਂ ਖਰਚ ਕਰਨ 'ਤੇ ਰੋਕ ਲਗਾ ਦਿੱਤੀ ਹੈ। ਸਰਕਾਰ ਦੇ ਫ਼ੈਸਲੇ ਕਾਰਨ ਪਿੰਡਾਂ 'ਚ ਵਿਕਾਸ ਕਾਰਜ ਠੱਪ ਹੋ ਗਏ ਹਨ। ਪੰਚਾਇਤਾਂ ਸਾਹਮਣੇ ਕਰਵਾਏ ਕੰਮਾਂ ਦੀਆਂ ਅਦਾਇਗੀਆਂ ਕਰਵਾਉਣ ਦੀ ਮੁਸ਼ਕਿਲ ਖੜ੍ਹੀ ਹੋ ਗਈ ਹੈ। ਮਗਨਰੇਗਾ ਕਾਮੇ ਵਿਹਲੇ ਹੋ ਗਏ ਹਨ। ਪੰਚਾਇਤਾਂ ਸਰਕਾਰ ਦੀ ਜਾਂਚ ਤੋਂ ਨਹੀਂ ਡਰਦੀਆਂ, ਸਰਕਾਰ ਪਹਿਲਾਂ ਪੰਚਾਇਤੀ ਵਿਭਾਗ 'ਚ ਲੋੜੀਂਦਾ ਸਟਾਫ਼ ਮੁਹੱਇਆ ਕਰਵਾਏ, ਮਨਰੇਗਾ ਯੋਜਨਾਂ ਤਹਿਤ ਪਿਛਲੇ ਤਿੰਨ ਸਾਲਾਂ ਤੋਂ ਮਟੀਰਿਅਲ ਤੇ ਮਿਸਤਰੀਆਂ ਦੀ ਰੁਕੀ ਹੋਈ ਆਦਾਇਗੀ ਅਤੇ ਕੈਟਲ ਸ਼ੈੱਡਾਂ ਦੇ ਬਕਾਏ ਬਿੱਲ ਆਦਿ ਪਹਿਲ ਦੇ ਆਧਾਰ 'ਤੇ ਜ਼ਾਰੀ ਕਰਵਾਉਣ ਵੱਲ ਧਿਆਨ ਦੇਵੇ। ਪੰਚਾਇਤ ਯੂਨੀਅਨ ਨੇ ਪੰਜਾਬ ਸਰਕਾਰ ਨੂੰ ਫੰਡਾਂ 'ਤੇ ਲਗਾਈ ਰੋਕ ਤੁਰੰਤ ਹਟਾਉਣ ਦੀ ਮੰਗ ਕੀਤੀ। ਮੰਗਾਂ ਨਾ ਮੰਨਣ 'ਤੇ ਪੰਜਾਬ ਭਰ 'ਚ ਰੋਸ ਮੁਜ਼ਾਹਰੇ ਕਰਨ ਦੀ ਚੇਤਾਵਨੀ ਦਿੱਤੀ ਹੈ। ਪਹਿਲੀ ਅਪ੍ਰੈਲ ਨੂੰ ਤਲਵਾੜਾ 'ਚ ਸਰਕਾਰ ਦੇ ਨਾਦਰਸ਼ਾਹੀ ਫ਼ੁਰਮਾਨ ਖ਼ਿਲਾਫ਼ ਪੁਤਲਾ ਫੂਕ ਪ੍ਰਦਰਸ਼ਨ ਕਰਨ ਦਾ ਐਲਾਨ ਕੀਤਾ ਹੈ। ਉਪਰੋਕਤ ਮੰਗਾਂ ਸਬੰਧੀ ਇੱਕ ਮੰਗ ਪੱਤਰ ਬਲਾਕ ਸਮੰਤੀ ਤਲਵਾੜਾ ਦੀ ਚੇਅਰਪਰਸਨ ਵੰਦਨਾ ਕੁਮਾਰੀ ਨੂੰ ਵੀ ਦਿੱਤਾ। ਹੋਰਨਾਂ ਤੋਂ ਇਲਾਵਾ ਇਸ ਮੌਕੇ ਸਰਪੰਚ ਸਤਨਾਮ ਸਿੰਘ, ਸਰਪੰਚ ਕੁਲਦੀਪ ਚਾਚਾ, ਸਰਪੰਚ ਸਤਪਾਲ ਸਿੰਘ, ਸਰਪੰਚ ਜਸਵੀਰ ਸਿੰਘ,ਸਰਪੰਚ ਸੁਰੇਸ਼ ਟੋਹਲੂ, ਸਰਪੰਚ ਊਸ਼ਾ ਰਾਣੀ ਤੇ ਸੀਮਾ ਦੇਵੀ, ਸਰਪੰਚ ਕੇਵਲ ਕ੍ਰਿਸ਼ਨ, ਕੁਲਦੀਪ ਤੇ ਪ੍ਰਵੀਨ ਕੁਮਾਰ ਆਦਿ ਹਾਜ਼ਰ ਸਨ।

# ਨਵਜੋਤ ਸਿੰਘ ਸਿੱਧੂ ਖ਼ਿਲਾਫ਼ ਰੋਡ ਰੇਜ ਮਾਮਲੇ 'ਚ ਸੁਪਰੀਮ ਕੋਰਟ ਵੱਲੋਂ ਫ਼ੈਸਲਾ ਸੁਰੱਖਿਅਤ

**ਨਵੀਂ ਦਿੱਲੀ/ਲੋਕ ਬਾਣੀ**

ਸੁਪਰੀਮ ਕੋਰਟ ਨੇ ਸਾਲ 1988 ਦੇ ਰੋਡ ਰੇਜ ਕੇਸ, ਜਿਸ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਗਈ ਸੀ, ਵਿੱਚ ਪੰਜਾਬ ਕਾਂਗਰਸ ਦੇ ਆਗੂ ਨਵਜੋਤ ਸਿੰਘ ਸਿੱਧੂ ਨੂੰ 1000 ਰੁਪਏ ਦੇ ਜੁਰਮਾਨੇ ਦੇ ਨਾਲ ਰਿਹਾਅ ਕਰਨ ਦੇ ਆਪਣੇ ਆਦੇਸ਼ ਦੀ ਸਮੀਖਿਆ ਦੀ ਮੰਗ ਕਰਨ ਵਾਲੀ ਪਟੀਸ਼ਨ @ਤੇ ਆਪਣਾ ਫੈਸਲਾ ਸੁਰੱਖਿਅਤ ਰੱਖ ਲਿਆ ਹੈ। ਇਸ ਮਾਮਲੇ ਵਿਚ ਹੇਠਲੀ



ਅਦਾਲਤ ਨੇ ਸਿੱਧੂ ਨੂੰ ਬਰੀ ਕਰ ਦਿੱਤਾ ਸੀ ਪਰ ਮਗਰੋਂ ਹਾਈ ਕੋਰਟ ਨੇ ਸਿੱਧੂ ਨੂੰ ਤਿੰਨ ਸਾਲ ਦੀ ਸਜ਼ਾ ਸੁਣਾਈ ਸੀ। ਸਿੱਧੂ ਨੇ ਹਾਲਾਂਕਿ ਅਦਾਲਤ ਵਿਚ ਨੋਟਿਸ ਦਾ ਦਾਇਰਾ ਵਧਾਉਣ ਬਾਰੇ ਪਾਈ ਗਈ ਅਰਜ਼ੀ ਦਾ ਵਿਰੋਧ ਕੀਤਾ। ਪੀੜਤ ਪੱਖ ਨੇ ਸੁਪਰੀਮ ਕੋਰਟ ਵਿਚ ਮਾਮਲੇ ਉਤੇ ਮੁੜ ਵਿਚਾਰ ਲਈ ਅਰਜ਼ੀ ਪਾਈ ਸੀ। ਸਿੱਧੂ ਦੇ ਵਕੀਲ ਏ.ਐਮ. ਸਿੰਘਵੀ ਨੇ ਨਵੀਂ ਅਰਜ਼ੀ ਦਾ ਵਿਰੋਧ ਕਰਦਿਆਂ ਕਿਹਾ ਕਿ ਘਟਨਾ ਦੇ 34 ਸਾਲ ਬਾਅਦ ਅਤੇ ਫ਼ੈਸਲੇ ਦੇ ਚਾਰ ਸਾਲ ਬਾਅਦ ਦਾਇਰਾ ਵਧਾਉਣ ਦੀ ਮੰਗ ਤਰਕਸੰਗਤ ਨਹੀਂ ਹੈ।

# ਇਨਸਾਨ ਨੂੰ ਇਨਸਾਨ ਨਾਲ ਸਹੀ ਵਿਵਹਾਰ ਕਰਨਾ ਸਿਖਿਆ ਹੈ

ਜੇ ਇਨਸਾਨ ਨੇ ਇਨਸਾਨ ਨਾਲ ਸਹੀ ਵਿਵਹਾਰ ਨਹੀਂ ਸਿੱਖਿਆ ਤਾਂ ਭਵਿੱਖ 'ਚ ਇਸ ਦਾ ਵੱਡਾ ਨੁਕਸਾਨ ਉਠਾਉਣਾ ਪਵੇਗਾ। ਅੱਜ ਨੈਤਿਕ ਕਦਰਾਂ-ਕੀਮਤਾਂ ਤੋਂ ਰਹਿਤ ਸਿੱਖਿਆ ਮਨੁੱਖ ਨੂੰ ਮਾਨਵਤਾ ਦੀ ਬਜਾਏ ਦਾਨਵਤਾ ਵੱਲ ਲਿਜਾ ਰਹੀ ਹੈ। ਅਜਿਹੀ ਸਥਿਤੀ 'ਚ ਵਿਚਾਰ ਕਰੋ ਕਿ @ਵਸੂਧੈਵ ਕੁਟੁੰਬਕਮ@ ਵਾਲਾ ਸਾਡਾ ਸਨੇਹਮਈ ਮੂਲ ਮੰਤਰ ਕਿੱਥੇ ਗਿਆ? ਸੰਸਾਰ 'ਚ ਸਾਰੇ ਇਨਸਾਨ ਜਦੋਂ ਇੱਕੋ ਹੀ ਪਰਮਾਤਮਾ ਦੇ ਪੁੱਤਰ ਹਨ ਤੇ ਇਸੇ ਕਾਰਨ ਇਹ ਪੂਰਾ ਸੰਸਾਰ ਵਿਸ਼ਾਲ ਪਰਿਵਾਰ ਦੇ ਸਮਾਨ ਹੈ ਤਾਂ ਆਪਸੀ ਸੰਘਰਸ਼ ਕਿਉਂ? ਇਨਸਾਨੀਅਤ ਮਨੁੱਖ ਦਾ ਧਰਮ ਹੈ, ਜੋ ਸਾਰੇ ਇਨਸਾਨਾਂ ਨਾਲ ਪਿਆਰ ਕਰਨ ਦਾ ਅਰਥ ਸਮਝਾਉਂਦਾ ਹੈ। ਜਾਤੀ, ਫਿਰਕੇ, ਧਰਮ ਤੇ ਦੇਸ਼ ਆਦਿ ਦੇ ਵੱਖ-ਵੱਖ ਤਰ੍ਹਾਂ ਦੇ ਭੇਦਭਾਵ ਲਈ ਇੱਥੇ ਕੋਈ ਜਗ੍ਹਾ ਨਹੀਂ। ਇਨਸਾਨੀਅਤ ਸੱਭਿਅਤਾ ਤੇ ਸੱਭਿਆਚਾਰ ਦੀ ਰੀੜ੍ਹ ਦੀ ਹੱਡੀ ਹੈ ਤੇ ਇਸ ਬਿਨਾਂ ਸੱਭਿਅਤਾ ਤੇ ਸੱਭਿਆਚਾਰ ਦੇ ਵਿਕਾਸ ਦੀ ਕਲਪਨਾ ਅਸੰਭਵ ਹੈ। ਇਨਸਾਨੀਅਤ ਦੇ ਵਿਕਾਸ ਦੇ ਨਾਲ ਹੀ ਪੂਰੀ ਦੁਨੀਆ ਦੇ ਲੋਕ ਸੁੱਖ, ਸ਼ਾਂਤੀ ਤੇ ਪ੍ਰੇਮ ਭਾਵ ਨਾਲ ਰਹਿਣ। ਹਰ ਪ੍ਰਾਣੀ 'ਚ ਰਹਿਣ ਵਾਲੀ ਆਤਮਾ ਉਸੇ ਪਰਮ ਪਿਤਾ ਪਰਮਾਤਮਾ ਦਾ ਅੰਸ਼ ਹੈ। ਹਰੇਕ ਇਨਸਾਨ 'ਚ ਪਰਮਾਤਮਾ ਵਸਦਾ ਹੈ, ਇਹ ਸਮਝ ਕੇ ਹਰ ਇਨਸਾਨ ਪ੍ਰਤੀ ਆਦਰ ਦੀ ਭਾਵਨਾ ਰੱਖੋ। ਅਜਿਹਾ ਕਰ ਕੇ ਹੀ ਹਰ ਤਰ੍ਹਾਂ ਦੀਆਂ ਆਦਰਸ਼ਕ ਕਦਰਾਂ-ਕੀਮਤਾਂ ਦਾ ਵਿਕਾਸ ਸੰਭਵ ਹੈ। ਇਨਸਾਨੀਅਤ ਦਾ ਅਧਿਆਤਮਿਕਤਾ ਤੇ ਨੈਤਿਕਤਾ ਨਾਲ ਮਹੱਤਵਪੂਰਨ ਸਬੰਧ ਹੈ। ਜੇ ਕੋਈ ਮਨੁੱਖ ਸਦਾਚਾਰੀ ਨਹੀਂ, ਚਰਿੱਤਰ ਤੇ ਨੈਤਿਕ ਆਦਰਸ਼ਾਂ @ਚ ਆਸਥਾ ਨਹੀਂ, ਪਰਮਾਤਮਾ ਦੀ ਹੋਂਦ 'ਚ ਯਕੀਨ ਨਹੀਂ, ਪਿਆਰ, ਦਇਆ ਤੇ ਪਰਉਪਕਾਰ ਕਰਨ ਦੀ ਭਾਵਨਾ ਨਹੀਂ, ਉਸ ਨੂੰ ਇਹ ਸਵੀਕਾਰ ਕਰਨਾ ਪਵੇਗਾ ਕਿ ਉਹ ਇਨਸਾਨ ਕਹਾਉਣ ਦਾ ਹੱਕਦਾਰ ਨਹੀਂ। ਅਸਲ 'ਚ ਮਾਨਵ-ਧਰਮ ਦੇ ਵਿਨਾਸ਼ ਲਈ ਇਨਸਾਨ ਨੇ ਚਾਰੇ ਪਾਸੇ ਆਪਣੇ ਸਵਾਰਥ ਲਈ ਤੰਗ ਘੇਰਾ ਬਣਾ ਰੱਖਿਆ ਹੈ, ਜਿਸ ਤੋਂ ਉਹ ਬਾਹਰ ਨਹੀਂ ਨਿਕਲ ਸਕਦਾ। ਇਸ ਨੂੰ ਤੋੜੇ ਬਿਨਾਂ, ਇਸ ਤੋਂ ਬਾਹਰ ਨਿਕਲੇ ਬਿਨਾਂ ਕੋਈ ਵੀ ਇਨਸਾਨ ਮਾਨਵਤਾਵਾਦੀ ਨਹੀਂ ਬਣ ਸਕਦਾ। ਇਸ ਲਈ ਆਪਣੇ ਦਿਲ 'ਚ ਭਾਵਨਾਵਾਂ ਜਗਾਉਣ ਦੀ ਜ਼ਰੂਰਤ ਹੈ। ਜੇ ਹਰ ਕੋਈ ਆਪਣੇ ਅੰਦਰ ਇਨਸਾਨੀਅਤ ਦੀ ਭਾਵਨਾ ਜਗਾ ਲਵੇ ਤਾਂ ਉਹ ਜਿੱਥੇ ਖ਼ੁਦ ਆਨੰਦ ਪ੍ਰਾਪਤ ਕਰੇਗਾ, ਉੱਥੇ ਹੀ ਪੂਰੀ ਦੁਨੀਆ ਆਨੰਦਮਈ ਹੋ ਜਾਵੇਗੀ।ਮੇਰੇ ਅਨੁਸਾਰ ਸਮਾਜ ਨੂੰ ਹਰੇਕ ਵਿਅਕਤੀ ਦੇ ਸਹਿਯੋਗ ਦੀ ਲੋੜ ਹੈ ਤਾਂ ਹੀ ਸਮਾਜ ਮਜ਼ਬੂਤੀ ਨਾਲ, ਸਥਿਰਤਾ ਨਾਲ ਟਿਕ ਸਕਦਾ ਹੈ ਨਹੀਂ ਤਾਂ ਅਜਿਹੀ ਇਨਸਾਨੀਅਤ ਗੁਆਉਂਦੇ ਸਮੇਂ ਵੱਧ ਸਮੇਂ ਤੱਕ ਨਹੀਂ ਟਿਕ ਸਕਦੇ। ਇਹ ਸਪੱਸ਼ਟ ਹੈ ਕਿ ਇਨਸਾਨੀਅਤ ਇਨਸਾਨ ਦਾ ਉਹ ਗਹਿਣਾ ਹੈ ਜਿਸ ਨਾਲ ਸ਼ਖਸੀਅਤ ਮਹਿਕਦੀ ਹੈ ਪਰ ਅਜਿਹੀਆਂ ਘਟਨਾਵਾਂ ਨਾਲ ਮਨੁੱਖਤਾ ਡਾਵਾਂਡੋਲ ਹੋ ਜਾਂਦੀ ਹੈ।ਅੱਜ ਸਮਾਜ ਅਤੇ ਰਾਸ਼ਟਰ ਦੇ ਲਈ ਸਭ ਕੁਝ ਸਮਰਪਿਤ ਕਰ ਕੇ ਸਾਥ ਦੇਣ ਵਾਲਿਆਂ ਦੀ ਲੋੜ ਹੈ। ਤਦ ਹੀ ਮਜ਼ਬੂਤ, ਦ੍ਰਿੜ੍ਹ ਇੱਛਾ ਸ਼ਕਤੀ ਨਾਲ ਹਰ ਥਾ ਨੂੰ ਜਿਤਿਆ ਜਾ ਸਕਦਾ ਹੈ।


ਲੇਖਕ ਡਾ ਵਨੀਤ ਸਿੰਗਲਾ ਬੁਢਲਾਡਾ ਮਾਨਸਾ

## ਭਾਰਤ ਸਰਕਾਰ ਵਲੋਂ ਪਟਿਆਲਾ ਦੇ ਲੋਕਾਂ ਦਾ ਮਾਨ ਪਦਮ ਸ੍ਰੀ ਜਗਜੀਤ ਸਿੰਘ ਦਰਦੀ ਚੇਅਰਮੈਨ ਚੜ੍ਹਦੀਕਲਾ ਗਰੁੱਪ ਨੂੰ ਦੇ ਕੇ ਸਨਮਾਨਿਤ ਕੀਤਾ

**ਪਟਿਆਲਾ/ਜਗਦੀਸ਼:-** ਪਟਿਆਲਾ ਸ਼ੋਸ਼ਲ ਵੈਲਫੇਅਰ ਸੋਸਾਇਟੀ 22 ਸਾਲਾਂ ਤੋਂ ਲੋਕ ਭਲਾਈ ਦੇ ਕਾਰਜਾਂ ਨੂੰ ਪਹਿਲ ਦੇ ਆਧਾਰ ਤੇ ਕਰ ਰਹੀ ਹੈ। 27 ਸਾਲਾਂ ਤੋਂ ਮੈਡੀਕਲ ਕੈਂਪ ਲਗਾਏ ਜਾ ਰਹੇ ਹਨ। ਜਰੂਰਤਮੰਦ ਔਰਤਾਂ ਨੂੰ ਰੋਜਗਾਰ ਲਈ ਸਿਲਾਈ ਮਸੀਨਾਂ ਦਿੱਤੀਆਂ ਗਈਆਂ ਹਨ। ਤਾਕਿ ਉਹ ਆਪਣੇ ਪਰਿਵਾਰ ਦਾ ਪਾਲਣ ਪੋਸਨ ਕਰ ਸਕਣ। ਕਰੋਨਾ ਕਾਲ ਵਿੱਚ ਕੋਵਿਡ ਟੀਕਾਕਰਨ ਕਰਕੇ ਹਜਾਰਾਂ ਲੋਕਾਂ ਦੇ ਲਗਾਕੇ ਬੀਮਾਰੀ ਤੋਂ ਦੂਰ ਕੀਤਾ ਗਿਆ ਹੈ। ਭਾਰਤ ਸਰਕਾਰ ਵਲੋਂ ਪਟਿਆਲਾ ਦੇ ਲੋਕਾਂ ਦਾ ਮਾਨ ਪਦਮ ਸ੍ਰੀ ਜਗਜੀਤ ਸਿੰਘ ਦਰਦੀ ਚੇਅਰਮੈਨ ਚੜ੍ਹਦੀਕਲਾ ਗਰੁੱਪ ਨੂੰ ਦੇ ਕੇ ਸਨਮਾਨਿਤ ਕੀਤਾ ਹੈ। ਪਟਿਆਲਾ ਸੋਸਲ ਵੈਲਫੇਅਰ ਸੋਸਾਇਟੀ ਵਲੋਂ ਵੀ ਅੱਜ ਉਹਨਾਂ ਨੂੰ ਪਦਮ ਸ੍ਰੀ ਐਵਾਰਡ ਮਿਲਣ ਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਗਿਆ ਅਤੇ ਉਹਨਾਂ ਦਾ ਸਨਮਾਨ ਕੀਤਾ ਗਿਆ। ਇਸ ਅਵਸਰ ਤੇ ਉਹਨਾਂ ਨਾਲ ਸਰਦਾਰਨੀ ਜਸਵਿੰਦਰ ਕੌਰ ਦਰਦੀ ਅਤੇ ਉਹਨਾਂ ਦੀ ਬੇਟੀ ਚੜਦੀਕਲਾ ਗਰੁੱਪ ਦੇ ਮੁੱਖ ਕਾਰਜ ਕਾਰੀ ਅਧਿਕਾਰੀ ਸ੍ਰੀਮਤੀ ਇੰਦਰਪ੍ਰੀਤ ਕੌਰ ਵੀ ਹਾਜਰ ਸਨ। ਅਗਰਵਾਲ ਚੇਤਨਾ ਵਲੋਂ ਅਰਵਿੰਦ ਅਗਰਵਾਲ ਹਾਜਰ ਸਨ।



# ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਗੁਰਦਾਸਪੁਰ ਵਿਖੇ 29 ਮਾਰਚ ਨੂੰ ਪਲੇਸਮੈਂਟ ਕੈਂਪ ਲੱਗੇਗਾ




**ਗੁਰਦਾਸਪੁਰ/ਨਵਨੀਤ ਕੁਮਾਰ**

ਸ੍ਰੀ ਰਾਹੁਲ ਵਧੀਕ ਡਿਪਟੀ ਕਮਿਸ਼ਨਰ (ਜ) ਗੁਰਦਾਸਪੁਰ ਦੀ ਪ੍ਰਧਾਨਗੀ ਹੇਠ 29 ਮਾਰਚ 2022 ਨੂੰ ਜਿਲ੍ਹਾ ਰੋਜਗਾਰ ਅਤੇ ਕਾਰੋਬਾਰ ਬਿਊਰੋ, ਬਲਾਕ-ਬੀ, ਕਮਰਾ ਨੰ: 217-218 ਜਿਲ੍ਹਾ ਪ੍ਰਬੰਧਕੀ ਕੰਪਲੈਕਸ, ਗੁਰਦਾਸਪੁਰ ਵਿਖੇ ਇੱਕ ਰੋਜਗਾਰ-ਕਮ-ਪਲੇਸਮੈਂਟ ਕੈਂਪ ਲਗਾਇਆ ਜਾ ਰਿਹਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਪਰਸ਼ੋਤਮ ਸਿੰਘ ਜਿਲ੍ਹਾ ਰੋਜਗਾਰ ਜਨਰੇਸ਼ਨ ਅਤੇ ਟ੍ਰੇਨਿੰਗ ਅਫਸਰ ਗੁਰਦਾਸਪੁਰ ਨੇ ਪਲੇਸਮੈਂਟ ਕੈਂਪ ਵਿੱਚ ਕੰਪਨੀ ਵਰਧਮਾਨ ਟੈਕਸਟਾਈਲ, ਆਸਕ ਆਟੋਮੈਟਿਕ ਪ੍ਰਾਈਵੇਟ ਲਿਮਟਿਡ ਕੰਪਨੀਆਂ ਹਿੱਸਾ ਲੈਣਗੀਆਂ। ਮਾਰਕਿੰਟਗ, ਸੈਲਜ਼ ਐਗਜੈਕਟਿਵ ਮੈਨੇਜਰ, ਸੀਈਓ ਟੈਲੀਕਾਲਰ ਅਤੇ ਕੰਪਿਊਟਰ ਆਪਰੇਟਰ ਆਸਾਮੀਆਂ ਲਈ ਇੰਟਰਵਿਊ ਲਈ ਜਾਵੇਗੀ। 10ਵੀਂ, 12ਵੀਂ ਤੇ ਬੀਏ ਪਾਸ ਪ੍ਰਾਰਥੀ ਪਲੇਸਮੈਂਟ ਕੈਂਪ ਵਿਚ ਪੁਹੰਚ ਕਰਨ।

ਉਨਾਂ ਦੱਸਿਆ ਕਿ ਇਹਨਾਂ ਕੰਪਨੀ ਵਲੋਂ ਰੋਜਗਾਰ ਮੇਲੇ ਵਿੱਚ ਹਾਜ਼ਰ ਹੋਣ ਵਾਲੇ ਪ੍ਰਾਰਥੀਆਂ ਦੀ ਇੰਟਰਵਿਊ ਲਈ ਜਾਵੇਗੀ ਅਤੇ ਇੰਟਰਵਿਊ ਉਪੰਰਤ ਚੁਣੇ ਗਏ ਪ੍ਰਾਰਥੀਆਂ ਨੂੰ ਮੌਕੇ ਤੇ ਹੀ ਆਫਰ ਲੈਟਰ ਵੰਡੇ ਜਾਣਗੇ । ਚੁਣੇ ਗਏ ਪ੍ਰਾਰਥੀਆਂ ਨੂੰ 10,000 ਰੁਪਏ ਤੋਂ ਲੈ ਕੇ 12,000 ਰੁਪਏ ਤਕ ਤਨਖਾਹ ਦਿੱਤੀ ਜਾਵੇਗੀ। ਚਾਹਵਾਨ ਪ੍ਰਾਰਥੀ 29-3-3022 ਨੂੰ ਜਿਲ੍ਹਾ ਰੋਜਗਾਰ ਅਤੇ ਕਾਰੋਬਾਰ ਬਿਊਰੋ, ਬਲਾਕ-ਬੀ, ਕਮਰਾ ਨੰ: 217 ਜਿਲ੍ਹਾ ਪ੍ਰਬੰਧਕੀ ਕੰਪਲੈਕਸ, ਗੁਰਦਾਸਪੁਰ ਵਿਖੇ ਸਵੇਰੇ 9 ਵਜੇ ਪਹੁੰਚਣ ।

**ਮਾਰਕਿੰਟਗ, ਸੇਲਜ਼ ਐਗਜੈਕਟਿਵ ਮੈਨੇਜਰ, ਮਸ਼ੀਨ ਆਪਰੇਟਰ ਤੇ ਕੰਪਿਊਟਰ ਆਪਰੇਟਰ ਦੀ ਆਸਮੀ ਲਈ ਲਈ ਦੱਸਵੀਂ, ਬਾਹਰਵੀਂ ਤੇ ਗਰੇਜੂਏਟ ਪਾਸ ਪ੍ਰਾਰਥੀ ਪੁਹੰਚ ਕਰਨ**

# ਪੰਜਾਬ ਸਰਕਾਰ ਵੱਲੋਂ ਕੀਤੇ ਇੱਕ ਵਿਧਾਇਕ ਇੱਕ ਪੈਨਸ਼ਨ ਦੇ ਫੈਸਲੇ ਦਾ ਸਵਾਗਤ - ਦੌੜਕਾ





**ਸ਼ਹੀਦ ਭਗਤ ਸਿੰਘ ਨਗਰ/ਲੋਕ ਬਾਣੀ**

ਪੰਜਾਬ ਵਿੱਚ ਨਵੀਂ ਬਣੀ ਸਰਕਾਰ ਵੱਲੋਂ ਤਾਜ਼ਾ ਕੀਤੇ ਫੈਸਲੇ ਅਨੁਸਾਰ ਇੱਕ ਵਿਧਾਇਕ ਇੱਕ ਪੈਨਸ਼ਨ ਲੈਣ ਦਾ ਹੀ ਹੱਕਦਾਰ ਹੋਵੇਗਾ। ਪੰਜਾਬ ਸਰਕਾਰ ਦੇ ਇਸ ਫੈਸਲੇ ਦਾ ਸਵਾਗਤ ਕਰਦੇ ਹੋਏ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਸਾਥੀ ਸੁਖਵਿੰਦਰ ਸਿੰਘ ਚਾਹਲ, ਜਨਰਲ ਸਕੱਤਰ ਕੁਲਦੀਪ ਸਿੰਘ ਦੌੜਕਾ, ਬਿਕਰਮਜੀਤ ਸਿੰਘ ਰਾਹੋਂ, ਕਰਨੈਲ ਸਿੰਘ, ਗੁਰਦੀਸ਼ ਸਿੰਘ, ਬਲਜੀਤ ਸਿੰਘ, ਮੈਡਮ ਕਿਰਨ ਬੰਗੜ, ਹਰਪ੍ਰੀਤ ਸਿੰਘ, ਰਾਜੇਸ਼ ਰਹਿਪਾ, ਸੋਹਣ ਸਿੰਘ, ਪ੍ਰਸ਼ੋਤਮ ਲਾਲ, ਜਸਵੀਰ ਪਾਲ ਸਿੰਘ, ਹਰਕੇਸ਼ ਕੁਮਾਰ ਨੇ ਸਾਂਝੇ ਬਿਆਨ ਵਿੱਚ ਕਿਹਾ ਕਿ ਪੰਜਾਬ ਵਿੱਚ ਸੈਕੜਿਆਂ ਦੀ ਗਿਣਤੀ ਵਿੱਚ ਵਿਧਾਇਕ ਇੱਕ ਤੋਂ ਜਿਆਦਾ ਪੈਨਸ਼ਨਾਂ ਲੈ ਰਹੇ ਸਨ, ਭਾਵ ਇੱਕ ਵਿਅਕਤੀ ਜਿੰਨੀ ਵਾਰ ਵਿਧਾਇਕ ਬਣਦਾ ਸੀ, ਉਹ ਉਨੀਆਂ ਹੀ ਪੈਨਸ਼ਨਾਂ ਦਾ ਹੱਕਦਾਰ ਹੁੰਦਾ ਸੀ। ਪੰਜਾਬ ਦੇ ਵਿਧਾਇਕ ਲੱਖਾਂ ਰੁਪਏ ਪੈਨਸ਼ਨ ਦੇ ਰੂਪ ਵਿੱਚ ਪ੍ਰਤੀ ਮਹੀਨਾ ਲੈ ਰਹੇ ਸਨ। ਮੁਲਾਜ਼ਮ ਜਥੇਬੰਦੀਆਂ ਲਗਾਤਾਰ ਮੰਗ ਕਰ ਰਹੀਆਂ ਸਨ ਕਿ ਪੰਜਾਬ ਵਿੱਚ ਇੱਕ ਵਿਧਾਇਕ ਇੱਕ ਪੈਨਸ਼ਨ ਲਾਗੂ ਕਰਨ ਦੇ ਨਾਲ-ਨਾਲ 2004 ਤੋਂ ਭਰਤੀ ਮੁਲਾਜਮਾਂ ਲਈ ਪੁਰਾਣੀ ਪੈਨਸ਼ਨ ਸਕੀਮ ਵੀ ਬਹਾਲ ਕੀਤੀ ਜਾਵੇ। ਆਗੂਆਂ ਨੇ ਪੰਜਾਬ ਸਰਕਾਰ ਦੇ ਫੈਸਲੇ ਦਾ ਸਵਾਗਤ ਕਰਦਿਆਂ ਮੰਗ ਕੀਤੀ ਹੈ ਕਿ ਛਤੀਸਗੜ ਅਤੇ ਰਾਜਸਥਾਨ ਦੀ ਤਰਜ਼ ਤੇ ਪੰਜਾਬ ਦੇ ਮੁਲਾਜਮਾਂ ਲਈ ਵੀ ਪੁਰਾਣੀ ਪੈਨਸ਼ਨ ਸਕੀਮ ਲਾਗੂ ਕੀਤੀ ਜਾਵੇ।

# ਚੱਬੇਵਾਲ ਥਾਣਾ ਪੁਲੀਸ ਦੀ ਢਿੱਲੀ ਕਾਰਗੁਜ਼ਾਰੀ ਦੇ ਵਿਰੋਧ ਵਿੱਚ ਬੇਗਮਪੁਰਾ ਟਾਈਗਰ ਫੋਰਸ ਨੇ ਡੀਜੀਪੀ ਪੰਜਾਬ ਪੁਲੀਸ ਦਾ ਫੂਕਿਆ ਪੁਤਲਾ




**ਹੁਸ਼ਿਆਰਪੁਰ/ਤਰਸੇਮ ਦੀਵਾਨਾ**

ਬੇਗਮਪੁਰਾ ਟਾਈਗਰ ਫੋਰਸ ਦੇ ਦੋਆਬਾ ਇੰਚਾਰਜ ਸੋਮਦੇਵ ਸੰਧੀ ਅਤੇ ਦੋਆਬਾ ਪ੍ਰਧਾਨ ਅਮਰਜੀਤ ਸੰਧੀ ਦੀ ਅਗਵਾਈ ਹੇਠ ਡੀਜੀਪੀ ਪੰਜਾਬ ਪੁਲੀਸ ਦਾ ਪੁਤਲਾ ਫੂਕ ਕੇ ਰੋਸ ਪ੍ਰਦਰਸ਼ਨ ਕੀਤਾ ਗਿਆ ।ਇੱਕ ਸਾਂਝੇ ਬਿਆਨ ਵਿਚ ਸੋਮਦੇਵ ਸੰਧੀ ਅਤੇ ਅਮਰਜੀਤ ਸੰਧੀ ਨੇ ਕਿਹਾ ਕਿ ਪਿਛਲੇ ਤਿੰਨ ਦਿਨਾਂ ਤੋਂ ਬੇਗਮਪੁਰਾ ਟਾਈਗਰ ਫੋਰਸ ਦੇ ਜ਼ਿਲ੍ਹਾ ਸਕੱਤਰ ਉਂਕਾਰ ਬਜਰਾਵਰ ਹਸਪਤਾਲ ਵਿੱਚ ਦਾਖ਼ਲ ਹਨ । ਉਂਕਾਰ ਬਜਰਾਵਰ ਨਾਲ ਪਿੰਡ ਬਜਰੌਰ ਦੇ ਹੀ ਕੁਝ ਉੱਚ ਜਾਤੀ ਦੇ ਲੋਕਾਂ ਵੱਲੋਂ ਉਸ ਨੂੰ ਜਾਤੀ ਸੂਚਕ ਗਾਲ੍ਹਾਂ ਕੱਢ ਕੇ ਉਸ ਨਾਲ ਕੁੱਟਮਾਰ ਕੀਤੀ ਗਈ । ਪੁਲਸ ਦੇ ਧਿਆਨ ਵਿੱਚ ਲਿਆਉਣ ਦੇ ਬਾਵਜੂਦ ਵੀ ਤਿੰਨ ਦਿਨ ਬੀਤ ਜਾਣ ਦੇ ਬਾਅਦ ਵੀ ਪੁਲਸ ਦੁਆਰਾ ਨਾ ਤਾਂ ਉਂਕਾਰ ਬਜਰਾਵਰ ਦੇ ਬਿਆਨ ਲਏ ਗਏ ਅਤੇ ਨਾ ਹੀ ਕਿਸੇ ਅਧਿਕਾਰੀ ਨੇ ਉੱਥੇ ਜਾ ਕੇ ਸਥਿਤੀ ਦਾ ਜਾਇਜ਼ਾ ਲੈਣ ਦੀ ਕੋਸ਼ਿਸ਼ ਕੀਤੀ । ਇੰਜ ਜਾਪ ਰਿਹਾ ਹੈ ਕਿ ਪੰਜਾਬ ਦੀ ਬਣੀ ਨਵੀਂ ਸਰਕਾਰ ਨੇ ਪੰਜਾਬ ਪੁਲੀਸ ਦੀਆਂ ਡਿਊਟੀਆਂ ਥਾਣੇ ਤੋਂ ਹਟਾ ਕੇ ਕਿਤੇ ਹੋਰ ਜਗ੍ਹਾ ਤੇ ਲਗਾ ਦਿੱਤੀਆਂ ਹਨ । ਤਾਹੀਂ ਤਾਂ ਪੁਲੀਸ ਮੁਲਾਜ਼ਮ ਚੰਗੀ ਤਰ੍ਹਾਂ ਆਪਣੀ ਡਿਊਟੀ ਨਹੀਂ ਨਿਭਾਅ ਪਾ ਰਹੇ ਹਨ । ਬੇਗਮਪੁਰਾ ਟਾਈਗਰ ਫੋਰਸ ਨੇ ਪੁਲਸ ਪ੍ਰਸ਼ਾਸਨ ਨੂੰ ਸਖਤ ਚਿਤਾਵਨੀ ਦਿੰਦਿਆਂ ਕਿਹਾ ਬਹੁਤ ਸਾਰੇ ਇਸ ਤਰ੍ਹਾਂ ਦੇ ਮਾਮਲੇ ਦੇਖੇ ਗਏ ਹਨ ਜਿਸ ਵਿੱਚ ਕੁੱਟਮਾਰ ਹੁੰਦੀ ਹੈ ਤੇ ਪੁਲੀਸ ਦੂਸਰੀ ਪਾਰਟੀ ਵੱਲੋਂ ਪੈਸੇ ਲੈ ਕੇ ਦਸ ਦਸ ਪੰਦਰਾਂ ਪੰਦਰਾਂ ਦਿਨ ਬਿਆਨ ਹੀ ਨਹੀਂ ਲੈਂਦੇ । ਪਰ ਹੁਣ ਬੇਗਮਪੁਰਾ ਟਾਈਗਰ ਫੋਰਸ ਨੇ ਇਹ ਠਾਣ ਲਿਆ ਹੈ ਜੇਕਰ ਇਸ ਤਰ੍ਹਾਂ ਦਾ ਮਾਮਲਾ ਦੁਬਾਰਾ ਦੇਖਣ ਨੂੰ ਮਿਲਿਆ ਅਤੇ ਉਂਕਾਰ ਬਜਰਾਵਰ ਨੂੰ ਇਨਸਾਫ ਨਾ ਮਿਲਿਆ ਤੇ ਪ੍ਰਦਰਸ਼ਨ ਵੱਡੇ ਪੱਧਰ ਤੇ ਹੋਵੇਗਾ ਇਸ ਮੌਕੇ ਦੋਆਬਾ ਇੰਚਾਰਜ ਸੋਮ ਦੇਵ ਸੰਧੀ ਦੋਆਬਾ ਪ੍ਰਧਾਨ ਅਮਰਜੀਤ ਸੰਧੀ ਜ਼ਿਮੀਂ ਮੱਲ ਮਜ਼ਾਰਾ ਰਾਜਵੀਰ ਸਿੰਘ ਗੋਪੀ ਗੁਰਪ੍ਰੀਤ ਅਸ਼ੋਕ ਕੁਮਾਰ ਬਲਵਿੰਦਰ ਕੁਮਾਰ ਵਿੱਕੀ ਬਿੱਟਾ ਗੋਪੀ ਹੀਰਾ ਸੰਧੀ ਮੇਜਰ ਸਿੰਘ ਜਾਵੇਦ ਰੂਪਲਾਲ ਦਰਸ਼ਨ ਰਾਮ ਸੋਢੀ ਰਾਮ ਕਮਲੇਸ਼ ਕੁਮਾਰੀ ਰਾਜ ਰਾਣੀ ਸੋਨੀਆ ਕੁਮਾਰੀ ਸਾਥੀ ਆਦਿ ਹਾਜ਼ਰ ਸਨ ।

4 ਰੋਜ਼ਾਨਾ ਲੋਕ ਬਾਣੀ

ਪੰਜਾਬ

ਸ਼ਨਿਵਾਰ, 27 ਮਾਰਚ 2022
Website : www.lokbani.com
lokbani08@gmail.com

# ਕਮਿਸ਼ਨਰੇਟ ਪੁਲਿਸ ਨੇ ਮੋਡੀਫਾਈਡ ਸਾਈਲੈਂਸਰਾਂ ਵਿਰੁੱਧ ਮੁਹਿੰਮ ਸ਼ੁਰੂ ਕੀਤੀ







**ਲੁਧਿਆਣਾ/ਸੁਖਚੈਨ ਮਹਿਰਾ**

ਸ਼ੋਰ ਪ੍ਰਦੂਸ਼ਣ ਨੂੰ ਰੋਕਣ ਲਈ, ਲੁਧਿਆਣਾ ਕਮਿਸ਼ਨਰੇਟ ਪੁਲਿਸ ਨੇ ਵੀਰਵਾਰ ਨੂੰ ਰਾਇਲ ਐਨਫੀਲਡ, ਜਿਸਨੂੰ ਅਕਸਰ ਬੁਲੇਟ ਕਿਹਾ ਜਾਂਦਾ ਹੈ, ਵਿੱਚ ਮੋਡੀਫਾਈਡ ਸਾਈਲੈਂਸਰਾਂ ਵਿਰੁੱਧ ਇੱਕ ਵਿਸ਼ੇਸ਼ ਮੁਹਿੰਮ ਚਲਾਈ ਹੈ। ਇਸ ਮੁਹਿੰਮ ਤਹਿਤ ਕਮਿਸ਼ਨਰੇਟ ਪੁਲਿਸ ਵੱਲੋਂ ਅੱਜ ਤੋਂ 27 ਮਾਰਚ ਤੱਕ ਸ਼ਹਿਰ ਦੇ ਕੋਨੇ-ਕੋਨੇ ਵਿੱਚ ਤਿੰਨ ਰੋਜ਼ਾ ਵਿਸ਼ਾਲ ਜਾਗਰੂਕਤਾ ਅਭਿਆਨ ਚਲਾਇਆ ਜਾਵੇਗਾ ਅਤੇ ਜਾਗਰੂਕਤਾ ਮੁਹਿੰਮ ਦੀ ਸਮਾਪਤੀ ਤੋਂ ਬਾਅਦ ਟ੍ਰੈਫਿਕ ਪੁਲਿਸ ਵੱਲੋਂ ਬੁਲੇਟ ਸਵਾਰਾਂ @ਤੇ ਸ਼ਿਕੰਜਾ ਕੱਸਣ ਲਈ ਸਖ਼ਤੀ ਨਾਲ ਅਮਲ ਸ਼ੁਰੂ ਕੀਤਾ ਜਾਵੇਗਾ। ਅਜਿਹੀਆਂ ਗਤੀਵਿਧੀਆਂ ਵਿੱਚ ਸ਼ਾਮਲ ਹੋਣਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪੁਲਿਸ ਕਮਿਸ਼ਨਰ (ਸੀ.ਪੀ.) ਗੁਰਪ੍ਰੀਤ ਸਿੰਘ ਭੁੱਲਰ ਨੇ ਦੱਸਿਆ ਕਿ ਪੁਲਿਸ ਦਾ ਟ੍ਰੈਫਿਕ ਵਿੰਗ ਸਕੂਲਾਂ-ਕਾਲਜਾਂ ਵਿੱਚ ਜਾਗਰੂਕਤਾ ਸੈਮੀਨਾਰ, ਜਨਤਕ ਘੋਸ਼ਣਾਵਾਂ, ਸੋਸ਼ਲ ਮੀਡੀਆ ਰਾਹੀਂ ਸ਼ਹਿਰ ਦੇ ਨੌਜਵਾਨਾਂ ਤੱਕ ਪਹੁੰਚ ਕਰਕੇ ਸਾਈਲੈਂਸਰਾਂ ਨੂੰ ਨਾ ਬਦਲਣ ਦੀ ਅਪੀਲ ਕਰੇਗਾ। ਜੋ ਕਿ ਇੱਕ ਅਪਰਾਧ ਹੈ। ਉਨ੍ਹਾਂ ਕਿਹਾ ਕਿ ਪੁਲਿਸ ਟੀਮਾਂ ਵੱਲੋਂ ਵਾਹਨਾਂ ਦੇ ਸਪੇਅਰ ਪਾਰਟਸ ਵੇਚਣ ਵਾਲੇ ਦੁਕਾਨਦਾਰਾਂ ਨੂੰ ਵੀ ਜਾਗਰੂਕ ਕੀਤਾ ਜਾ ਰਿਹਾ ਹੈ ਕਿ ਉਹ ਵਾਹਨ ਚਲਾਉਂਦੇ ਸਮੇਂ ਥੰਪਿੰਗ ਆਵਾਜ਼ ਪੈਦਾ ਕਰਨ ਲਈ ਬਾਈਕ ਨੂੰ ਮੋਡੀਫਾਈ ਨਾ ਕਰਨ। ਇਸ ਤੋਂ ਇਲਾਵਾ ਇਸ ਸਬੰਧੀ ਏਜੰਸੀਆਂ, ਵਿਦਿਅਕ ਅਦਾਰਿਆਂ ਨੂੰ ਪੱਤਰ ਵੀ ਲਿਖੇ ਗਏ ਹਨ। ਉਨ੍ਹਾਂ ਕਿਹਾ ਕਿ ਦੋਸ਼ੀ ਪਾਏ ਜਾਣ ਵਾਲਿਆਂ ਖਿਲਾਫ ਮੋਟਰ ਵਹੀਕਲ ਐਕਟ ਤਹਿਤ ਸਖ਼ਤ ਕਾਰਵਾਈ ਕੀਤੀ ਜਾਵੇਗੀ ਅਤੇ ਵਾਹਨ ਜ਼ਬਤ ਕੀਤੇ ਜਾਣਗੇ। ਭੁੱਲਰ ਨੇ ਦੱਸਿਆ ਕਿ ਇਸ ਮੁਹਿੰਮ ਦੀ ਅਗਵਾਈ ਡੀਸੀਪੀ ਸੌਮਿਆ ਮਿਸ਼ਰਾ ਕਰਨਗੇ ਜੋ ਇਸ ਮੁਹਿੰਮ ਦੀ ਨਿਗਰਾਨੀ ਕਰਨਗੇ ਅਤੇ ਇਹ ਯਕੀਨੀ ਬਣਾਉਣਗੇ ਕਿ ਇਸ ਖਤਰੇ ਨੂੰ ਖਤਮ ਕੀਤਾ ਜਾ ਸਕੇ। ਇਸ ਦੌਰਾਨ ਡੀਸੀਪੀ ਸੌਮਿਆ ਮਿਸ਼ਰਾ ਨੇ ਕਿਹਾ ਕਿ ਰੌਲਾ ਪਾਉਣ ਵਾਲੀਆਂ ਬਾਈਕਾਂ ਨੂੰ ਜ਼ਬਤ ਕਰਕੇ ਦੋਸ਼ੀਆਂ ਖ਼ਿਲਾਫ਼ ਕਾਰਵਾਈ ਕੀਤੀ ਜਾਵੇਗੀ। ਉਸਨੇ ਸ਼ਹਿਰ ਨੂੰ ਸ਼ੋਰ ਪ੍ਰਦੂਸ਼ਣ ਮੁਕਤ ਰੱਖਣ ਲਈ ਆਮ ਲੋਕਾਂ ਅਤੇ ਹੋਰਨਾਂ ਤੋਂ ਪੂਰਨ ਸਹਿਯੋਗ ਦੀ ਮੰਗ ਕੀਤੀ।

# ਡਾਕਟਰ ਮਿਸ਼ਜ ਰਿਸਮਾ ਕੋਹਲੀ ਦਿੱਲੀ ਪਬਲਿਕ ਸਕੂਲ ਪਟਿਆਲਾ 7 ਮਹਾਂਭਾਰਤ ਯੁੱਧ ਲਈ ਦਰੋਪਤੀ ਨਹੀਂ ਆਕੜ ਹੰਕਾਰ ਲਾਲਚ ਨਫਰਤ ਜੁੰਮੇਵਾਰ

**ਪਟਿਆਲਾ/ਜਗਦੀਸ਼:-** ਅੰਤਰ ਰਾਸ਼ਟਰੀ ਮਹਿਲਾ ਦਿਵਸ ਮੌਕੇ ਇੱਕ ਗਿਆਨਵਾਨ ਸੇਵਾਮੁਕਤ ਅਧਿਕਾਰੀ ਨੇ ਸਟੇਜ ਤੇ ਕਿਹਾ ਕਿ ਮਹਾਂਭਾਰਤ ਯੁੱਧ ਲਈ ਦਰੋਪਤੀ ਜੁੰਮੇਵਾਰ ਰਹੀ ਕਿਉਂਕਿ ਉਸ ਨੇ ਦਰਯੋਧਨ ਨੂੰ ਅੰਨੇ ਦਾ ਬੇਟਾ ਅੰਨਾ ਕਿਹਾ ਸੀ। ਪਰ ਇਸ ਬਾਰੇ ਵਿਦਵਾਨ ਸੰਤਾਂ ਰਿਸ਼ੀਆਂ ਕਥਾਵਾਚਕਾਂ ਦੇ ਵਿਚਾਰ ਹਨ ਕਿ ਮਹਾਂਭਾਰਤ ਦੀ ਜੰਗ ਮਗਰੋਂ ਜਦੋਂ ਦਰੋਪਤੀ ਨੇ ਹਰ ਪਾਸੇ ਸੈਨਿਕਾਂ ਅਤੇ ਨੌਜਵਾਨਾਂ ਦੀਆਂ ਲਾਸ਼ਾਂ ਹੀ ਲਾਸ਼ਾਂ ਦੇਖੀਆ ਅਤੇ ਗਲੀਆਂ ਘਰਾਂ ਵਿੱਚ ਨੌਜਵਾਨ ਵਿਧਵਾ ਔਰਤਾਂ ਬਜੁਰਗਾਂ ਅਤੇ ਬੱਚਿਆਂ ਨੂੰ ਰੋਦੇ ਕੁਰਲਾਉਂਦੇ ਦੇਖਿਆਂ ਤਾਂ ਭਗਵਾਨ ਸ੍ਰੀ ਕ੍ਰਿਸ਼ਨ ਜੀ ਦੇ ਚਰਨਾਂ ਵਿੱਚ ਸਿਰ ਰਖਕੇ ਬਹੁਤ ਰੋਈ ਅਤੇ ਕਿਹਾ ਕਿ ਇਸ ਮਹਾਂਭਾਰਤ ਦੇ ਯੁੱਧ ਅਤੇ ਤਬਾਹੀ ਲਈ ਉਹ ਦੋਸੀ ਅਤੇ ਜੁੰਮੇਵਾਰ ਹਾਂ ਕਿਉਂਕਿ ਉਸਨੇ ਹੰਕਾਰ ਆਕੜ ਵਿਚ ਆਕੇ ਦਰਯੋਧਨ ਦਾ ਅਪਮਾਨ ਕੀਤਾ ਸੀ। ਤਾਂ ਭਗਵਾਨ ਸ੍ਰੀ ਕ੍ਰਿਸ਼ਨ ਜੀ ਨੇ ਕਿਹਾ ਕਿ ਤੂੰ ਨਹੀਂ ਹਰੇਕ ਯੁੱਧ ਜੰਗ ਤਬਾਹੀ ਬਰਬਾਦੀ ਲੜਾਈ ਝਗੜੇ ਲਈ ਹਰ ਉਹ ਇਨਸਾਨ ਮਾਤਾ ਪਿਤਾ ਬਜ਼ੁਰਗ ਅਧਿਆਪਕ-ਗੁਰੂ ਰਾਜੇ ਅਤੇ ਮੰਤਰੀ ਸੰਤਰੀ ਕਰਮਚਾਰੀ ਵਿਦਵਾਨ ਗਿਆਨਵਾਨ ਇਨਸਾਨ ਜੁੰਮੇਵਾਰ ਹਨ ਜਿਹੜੇ ਆਪਣੇ ਦੇਸ ਸਮਾਜ ਪਰਿਵਾਰਾਂ ਸੰਸਥਾਵਾਂ ਧਰਤੀ ਮਾਤਾ ਭੂਮੀ ਬਜੁਰਗਾਂ ਇਸਤਰੀਆਂ ਛੋਟੇ ਵੱਡਿਆ ਵਾਤਾਵਰਣ ਪ੍ਰਤੀ ਵਫਾਦਾਰ ਇਮਾਨਦਾਰ ਮਿਹਨਤੀ ਨਹੀਂ ਅਤੇ ਧਰਤੀ ਦੇ ਪੰਜ ਤੱਤਾਂ ਦੀ ਸੇਵਾ ਸੰਭਾਲ ਲਈ ਇਮਾਨਦਾਰ ਨਹੀਂ ਅਤੇ ਮਹਾਨ ਗੁਰੂਆਂ ਅਧਿਆਪਕਾਂ ਵਿਦਵਾਨਾਂ ਸੰਤਾਂ ਰਿਸ਼ੀਆਂ ਮੁਨੀਆਂ ਗਰੰਥਾਂ ਵਲੋਂ ਸਮੇਂ ਸਮੇਂ ਸੰਸਾਰ ਨੂੰ ਠੀਕ ਰਸਤੇ ਦਿਖਾਕੇ ਮਹਾਨ ਬਣਾਉਣ ਲਈ ਕੁਝ ਮਹਾਨ ਸੰਸਕਾਰ ਮਰਿਆਦਾਵਾਂ ਫਰਜਾਂ ਇਨਸਾਨੀਅਤ ਪ੍ਰੇਮ ਹਮਦਰਦੀ ਅਨੁਸਾਸ਼ਨ ਸਹਿਣਸ਼ੀਲਤਾ ਭਾਈਚਾਰੇ ਸਨਮਾਨ ਨਿਮਰਤਾ ਸਬਰ ਇਮਾਨਦਾਰੀ ਵਫਾਦਾਰੀ ਕੁਰਬਾਨੀਆਂ ਤਿਆਗ ਦੇ ਰਸਤਿਆਂ ਤੇ ਚਲਣ ਪ੍ਰਤੀ ਪ੍ਰੇਰਤ ਕੀਤਾ ਪਰ ਉਹ ਮਹਾਨ ਗਿਆਨ ਕੇਵਲ ਨਿਸ਼ਕਾਮ ਭਾਵਨਾ ਵਾਲੇ ਇਨਸਾਨੀਅਤ ਨੂੰ ਪ੍ਰੇਮ ਕਰਨ ਵਾਲੇ ਗੁਰੂ ਬਜੁਰਗ ਮਾਤਾਵਾਂ ਅਤੇ ਗਰੰਥ ਹੀ ਦੇ ਸਕਦੇ ਹਨ । ਜਦੋਂ ਬੱਚਿਆਂ ਦੇ ਦਿਲ ਦਿਮਾਗ ਵਿਚਾਰਾਂ ਕਰਮਾਂ ਭਾਵਨਾਵਾਂ ਵਿਚ ਲਾਲਚ ਹੰਕਾਰ ਆਕੜ ਕਾਮ ਕ੍ਰੋਧ ਲੋਭ ਮੋਹ ਦੇ ਅਵੱਗੁਣ ਪੈਂਦਾ ਕੀਤੇ ਜਾਣ ਤਾਂ ਹਰ ਯੁੱਗ ਵਿੱਚ ਮਹਾਂਭਾਰਤ ਹੁੰਦੀ ਹੀ ਰਹੇਗੀ। ਭਗਵਾਨ ਸ੍ਰੀ ਕ੍ਰਿਸ਼ਨ ਜੀ ਨੇ ਕਿਹਾ ਕਿ ਰਾਜਾ ਦਸ਼ਰਥ ਜੀ ਚਾਹੁੰਦੇ ਤਾਂ ਪੰਜ ਸੱਤ ਗੁਰੂਆਂ ਨੂੰ ਖਰੀਦ ਕੇ ਮਹੱਲਾ ਵਿਚ ਆਕੇ ਭਗਵਾਨ ਸ੍ਰੀ ਰਾਮ ਚੰਦਰ ਜੀ ਅਤੇ ਉਨ੍ਹਾਂ ਦੇ ਭਰਾਵਾਂ ਨੂੰ ਵਿਦਿਆ ਦੇਣ ਲਈ ਹੁਕਮ ਦੇ ਸਕਦੇ ਸਨ ਪਰ ਉਨ੍ਹਾਂ ਨੇ ਗੁਰੂਆਂ ਅਤੇ ਗੁਰੂਕੁਲਾਂ ਦੀਆਂ ਮਰਿਆਦਾਵਾਂ ਨੂੰ ਮਹੱਤਤਾ ਦਿੰਦੇ ਹੋਏ 12 ਸਾਲ ਤੱਕ ਆਪਣੇ ਰਾਜਕੁਮਾਰਾਂ ਨੂੰ ਗੁਰੂ ਆਸ਼ਰਮ ਵਿਖੇ ਭੇਜਿਆ ਭਗਵਾਨ ਸ੍ਰੀ ਰਾਮ ਜੀ ਨੇ ਮਰਿਆਦਾਵਾਂ ਸੰਸਕਾਰਾਂ ਵਫਾਦਾਰੀਆ ਪ੍ਰੇਮ ਸਨਮਾਨ ਫਰਜ਼ਾਂ ਤਿਆਗ ਕੁਰਬਾਨੀਆਂ ਦੇ ਗਿਆਨ ਨੂੰ ਮਹੱਤਵ ਦੇਕੇ 14 ਸਾਲਾਂ ਲਈ ਬਨਵਾਸ ਜਾਣਾਂ ਚੰਗਾ ਸਮਝਿਆ ਆਪਣੇ ਲਾਲਚ ਸੁੱਖ ਸਹੂਲਤਾਂ ਹੱਕਾਂ ਲਈ ਅਧਿਕਾਰਾਂ ਦੀ ਗਲ ਨਹੀਂ ਕੀਤੀ। । ਭਗਵਾਨ ਸ੍ਰੀ ਕ੍ਰਿਸ਼ਨ ਜੀ ਪੰਡਤ ਸੁਦਾਮਾ ਜੀ ਅਤੇ ਬਲਰਾਮ ਜੀ ਜੰਗਲ ਵਿੱਚ ਗੁਰੂਕੁੱਲ ਵਿਖੇ ਜਾਕੇ ਸਿੱਖਿਆ ਪ੍ਰਾਪਤ ਕਰਦੇ ਰਹੇ ਪਰ ਜਦੋਂ ਗੁਰੂ ਅਧਿਆਪਕ ਜਿਨਾਂ ਦਾ ਜਨਮ ਉਦੇਸ਼ ਹੀ ਗਿਆਨ ਵੰਡਣ ਲਈ ਹੋਇਆ ਉਹ ਭਟਕ ਜਾਣ, ਲਾਲਚ ਵਿੱਚ ਆਕੇ ਰਾਜਿਆਂ ਮਹਾਰਾਜਿਆਂ ਦੇ ਬੱਚਿਆਂ ਨੂੰ ਸਿੱਖਿਆ ਦੇਣ ਪਰ ਗਰੀਬ ਅਨਾਥ ਬੱਚੇ ਨੂੰ ਸਿੱਖਿਆ ਤੋਂ ਬਾਝੇ ਰਖਣ ਅਤੇ ਆਪਣੇ ਗਿਆਨ ਵੇਚਣ ਲਈ ਰਾਜ ਦਰਬਾਰੇ ਅਤੇ ਮਹੱਲਾ ਵਿਖੇ ਜਾਣ ਲਗ ਪਏ ਵਿਦਿਆ ਗਿਆਨ ਪ੍ਰੇਮ ਸੰਸਕਾਰਾਂ ਵਿਦਵਾਨਾਂ ਦਾ ਵਿਉਪਾਰ ਅਤੇ ਅਪਮਾਨ ਹੋਣ ਲਗੇ ਤਾਂ ਪ੍ਰੇਮ ਹਮਦਰਦੀ ਅਨੁਸਾਸ਼ਨ ਨਿਮਰਤਾ ਸਹਿਣਸ਼ੀਲਤਾ ਸਬਰ ਨਿਸ਼ਕਾਮ ਸੇਵਾ ਭਾਵਨਾ ਇਨਸਾਨੀਅਤ ਫਰਜ ਅਤੇ ਜੁਮੇਵਾਰੀਆ ਦੀ ਥਾਂ ਲਾਲਚ ਨਫਰਤ ਅਧਿਕਾਰਾਂ ਆਕੜ ਹੰਕਾਰ ਖੁਦਗਰਜ਼ੀ ਦਿਲ ਦਿਮਾਗਾਂ ਵਿੱਚ ਉਤਪਨ ਹੋ ਗਏ ਅਤੇ ਸਿਹਤ ਤੰਦਰੁਸਤੀ ਸੁੱਰਖਿਆ ਖੁਸ਼ਹਾਲੀ ਭਾਈਚਾਰੇ ਸੇਵਾ ਦੀ ਥਾ ਤਬਾਹੀ ਦੇ ਸਾਥਨਾਂ ਅਤੇ ਸਾਮਾਨ ਨੂੰ ਵੱਧ ਮਹੱਤਤਾ ਰਾਜੇ ਮਹਾਰਾਜੇ ਮੰਤਰੀ ਅਤੇ ਸੰਤਰੀ ਦੇਣ ਤਾਂ ਨਵੇਂ ਮਹਾਂਭਾਰਤ ਜੰਗਾਂ ਦੀ ਤਿਆਰੀਆਂ ਸੂਰੂ ਹੋ ਜਾਂਦੀਆਂ ਹਨ। ਭਗਵਾਨ ਸ੍ਰੀ ਕ੍ਰਿਸ਼ਨ ਜੀ ਨੇ ਕਿਹਾ ਸੀ ਜਦੋ ਰਾਜੇ ਮਹਾਰਾਜੇ ਮੰਤਰੀ ਸੰਤਰੀ ਅਧਿਕਾਰੀ ਅਧਿਆਪਕ ਗੁਰੂ ਗਿਆਨਵਾਨ ਵਿਦਵਾਨ ਲੋਕ ਮਾੜੀ ਸੋਚ ਵਿਚਾਰ ਭਾਵਨਾਵਾਂ ਲੈਕੇ ਆਪਣੇ ਹੱਕਾਂ ਅਧਿਕਾਰਾਂ ਖੁਸ਼ੀਆ ਉਨੱਤੀ ਖੁਸ਼ਹਾਲੀ ਸਨਮਾਨ ਸੁਰੱਖਿਆ ਬਚਾਓ ਲਈ ਗਰੀਬਾਂ ਮਜ਼ਲੂਮਾਂ ਕਮਜੋਰਾਂ ਬੇਕਸੂਰਾਂ ਕਿਸਾਨਾਂ ਮਜਦੂਰਾਂ ਅਧਿਆਪਕਾਂ ਸੈਨਿਕਾਂ ਬੱਚਿਆ ਬਜੁਰਗਾਂ ਨੌਜਵਾਨਾਂ ਦੇ ਹੱਕਾਂ ਲਈ ਵਫਾਦਾਰ ਨਹੀਂ ਹੁੰਦੇ ਤਾਂ ਹਰ ਯੁੱਗ ਵਿੱਚ ਨਵੀਂ ਮਹਾਂਭਾਰਤ ਹੋਵੇਗੀ।



# ਨਗਰ ਸੁਧਾਰ ਟਰੱਸਟ ਦੇ ਦਫਤਰ ਸਾਹਮਣੇ ਧਰਨਾ ਅੱਜ 75ਵੇਂ ਦਿਨ ਵੀ ਜਾਰੀ ਰਿਹਾ




**ਗੁਰਦਾਸਪੁਰ/ਨਵਨੀਤ ਕੁਮਾਰ**

ਨਗਰ ਸੁਧਾਰ ਟਰੱਸਟ ਦਫਤਰ ਗੁਰਦਾਸਪੁਰ ਦੇ ਸਾਹਮਣੇ ਸੰਯੁਕਤ ਕਿਸਾਨ ਮੋਰਚੇ ਦੀ ਅਗਵਾਈ ਵਿੱਚ ਕਿਸਾਨਾਂ ਦਾ ਚੱਲ ਰਿਹਾ ਧਰਨਾ ਅੱਜ ਪੰਜਵੇਂ ਦਿਨ ਵੀ ਜਾਰੀ ਰਿਹਾ ।ਇੱਕੀ ਤਾਰੀਖ਼ ਦੇ ਚੈੱਕ ਦੇਣ ਦੇ ਵਾਅਦੇ ਮੁਤਾਬਕ ਹੁਣ ਤੱਕ ਵੀ ਚੈੱਕ ਨਾ ਵੰਡਣ ਬਾਰੇ ਅੱਜ ਚੇਅਰਮੈਨ ਰੰਜੂ ਸ਼ਰਮਾ ਉਰਫ ਰੰਜੂ ਨਾਲ ਗੱਲਬਾਤ ਹੋਈ।ਇਸ ਮੌਕੇ ਆਗੂਆਂ ਨੇ ਹੈਰਾਨੀ ਪ੍ਰਗਟ ਕੀਤੀ ਕਿ ਡ੍ਰਾਫਟ ਜਾਣਬੁੱਝ ਕੇ ਬੈਂਕ ਕੋਲ ਵਾਪਸ ਜਮ੍ਹਾਂ ਕਰਾ ਦਿੱਤੇ ਗਏ ਹਨ ਜਦਕਿ ਤਰੀਕ ਵਿੱਚ ਸੋਧ ਦੀ ਕੋਈ ਲੋੜ ਹੀ ਨਹੀਂ ਸੀ । ਇਸੇ ਦੌਰਾਨ ਮੀਟਿੰਗ ਵਿੱਚ ਫ਼ੈਸਲਾ ਹੋਇਆ ਕਿ ਚੱਕ ਅੱਜ ਵੰਡ ਦਿੱਤੇ ਜਾਣਗੇ ਪ੍ਰੰਤੂ ਫਿਰ ਵੀ ਨਹੀਂ ਦਿੱਤੇ ਗਏ ਇਸ ਬਾਰੇ ਆਗੂਆਂ ਨੇ ਇਸ ਦਾ ਗੰਭੀਰ ਨੋਟਿਸ ਲਿਆ ਅਤੇ ਦਫ਼ਤਰਾਂ ਵੱਲੋਂ ਕਿਸਾਨਾਂ ਨੂੰ ਖੱਜਲ ਖੁਆਰ ਕਰਨ ਦੀ ਨਿਖੇਧੀ ਕੀਤੀ ਗਈ ।ਬੇਸ਼ੱਕ ਚੇਅਰਮੈਨ ਵੱਲੋਂ ਸੋਮਵਾਰ ਦੇ ਬਾਰੇ ਵਿੱਚ ਫਿਰ ਕਿਹਾ ਗਿਆ ਹੈ ਪ੍ਰੰਤੂ ਹੁਣ ਅਗਲਾ ਐਕਸ਼ਨ ਕੀਤੇ ਜਾਣ ਦੀ ਜ਼ਰੂਰਤ ਸਮਝੀ ਗਈ ਹੈ ।ਇਹ ਸਮਝਿਆ ਗਿਆ ਹੈ ਕਿ ਚੇਅਰਮੈਨ ਜਾਣਬੁੱਝ ਕੇ ਆਨ ਟਾਲ ਮਟੋਲ ਕਰ ਰਹੇ ਹਨ ।ਫ਼ੈਸਲਾ ਕੀਤਾ ਗਿਆ ਕਿ ਸੋਮਵਾਰ ਮੀਟਿੰਗ ਕਰਕੇ ਅਗਲਾ ਐਕਸ਼ਨ ਲਿਆ ਜਾਵੇਗਾ ।ਕੱਟੇ ਹੋਏ ਡਰਾਫਟ ਨਾ ਵੰਡਣਾ ਕਿਸੇ ਗਹਿਰੀ ਚਾਲ ਦਾ ਹਿੱਸਾ ਹੈ।ਆਗੂਆਂ ਕਿਹਾ ਕਿ ਪਹਿਲਾਂ ਹੀ ਬਹੁਤ ਖ਼ਰਾਬ ਕੀਤਾ ਗਿਆ ਹੈ ਪ੍ਰੰਤੂ ਅਜੇ ਵੀ ਨਗਰ ਸੁਧਾਰ ਟਰੱਸਟ ਕਿਸਾਨਾਂ ਨੂੰ ਖੱਜਲ ਖੁਆਰ ਕਰਨ ਤੋਂ ਬਾਜ਼ ਨਹੀਂ ਆ ਰਿਹਾ ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਮੱਖਣ ਸਿੰਘ ਕੁਹਾੜ ਗੁਰਦੀਪ ਸਿੰਘ ਮੁਸਤਫਾਬਾਦ ਅਜੀਤ ਸਿੰਘ ਹੁੰਦਲ ਅਮਰਜੀਤ ਸਿੰਘ ਸੈਣੀ ਨਿਰਮਲ ਸਿੰਘ ਬਾਠ ਕੁਲਜੀਤ ਸਿੰਘ ਸਿੱਧਵਾਂ ਜਮੀਤਾਂ ਕਪੂਰ ਸਿੰਘ ਘੁੰਮਣ ਗੁਰਮੀਤ ਸਿੰਘ ਥਾਣੇਵਾਲ ਪਲਵਿੰਦਰ ਸਿੰਘ ਲਾਡੀ ਸ਼ਾਹ ਰਘਬੀਰ ਸਿੰਘ ਚਾਹਲ ਰਘਬੀਰ ਸਿੰਘ ਘਰਾਲਾ ਸੁਖਦੇਵ ਸਿੰਘ ਅਲਾਵਲਪੁਰ ਤਜਿੰਦਰਪਾਲ ਸਿੰਘ ਬਾਲਪ੍ਰੀਤ ਸਿੰਘ ਪ੍ਰਿੰਸ ਘਰਾਲਾ ਅਮਰਜੀਤ ਕੌਰ ਬਲਵਿੰਦਰ ਕੌਰ ਅਮਨਦੀਪ ਸਿੰਘ ਉੱਚਾ ਧਕਾਲਾ ਸੁਰਿੰਦਰ ਸਿੰਘ ਅਤੇ ਹੋਰ ਬਹੁਤ ਸਾਰੇ ਕਿਸਾਨ ਹਾਜ਼ਰ ਸਨ ।

# ਏ.ਡੀ.ਸੀ.(ਜ) ਲੁਧਿਆਣਾ ਨੇ 13 ਵਾਂ ਕਬਾਇਲੀ ਯੂਥ ਐਕਸਚੇਂਜ ਪ੍ਰੋਗਰਾਮ 'ਚ ਮੁੱਖ ਮਹਿਮਾਨ ਵਜੋਂ ਕੀਤੀ ਸ਼ਿਰਕਤ



**ਲੁਧਿਆਣਾ/ਸੁਖਚੈਨ ਮਹਿਰਾ, ਕਰਨ ਅੱਗਰਵਾਲ**

ਅੱਜ 13 ਵਾਂ ਕਬਾਇਲੀ ਯੂਥ ਐਕਸਚੇਂਜ ਪ੍ਰੋਗਰਾਮ ਦਾ ਉਦਘਾਟਨੀ ਸਮਾਰੋਹ ਆਯੋਜਿਤ ਕੀਤਾ ਗਿਆ ਅਤੇ ਪ੍ਰੋਗਰਾਮ ਦਾ ਉਦਘਾਟਨ ਮਾਨਯੋਗ ਵਧੀਕ ਡਿਪਟੀ ਕਮਿਸ਼ਨਰ (ਜਨਰਲ), ਲੁਧਿਆਣਾ ਸ਼੍ਰੀ ਰਾਹੁਲ ਚਾਬਾ ਦੁਆਰਾ ਕੀਤਾ ਗਿਆ। ਵਧੀਕ ਡਿਪਟੀ ਕਮਿਸ਼ਨਰ (ਜਨਰਲ), ਲੁਧਿਆਣਾ ਸ਼੍ਰੀ ਰਾਹੁਲ ਚਾਬਾ ਮੁੱਖ ਮਹਿਮਾਨ ਨੇ ਛੱਤੀਸਗੜ੍ਹ ਦੇ ਨੌਜਵਾਨਾਂ ਨੂੰ ਜੀ ਆਇਆਂ ਕਿਹਾ ਅਤੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਇਸ ਪ੍ਰੋਗਰਾਮ ਲਈ ਪੂਰਾ ਸਹਿਯੋਗ ਅਤੇ ਸਹਿਯੋਗ ਦਿੱਤਾ ਜਾਵੇਗਾ। ਇਸ ਮੌਕੇ ਉਨ੍ਹਾਂ ਨਾਲ ਜ਼ਿਲ੍ਹਾ ਕੋਰਡੀਨੇਟਰ ਨਹਿਰੂ ਯੁਵਾ ਕੇਂਦਰ ਲੁਧਿਆਣਾ ਵਿਸ਼ੇਸ਼ ਤੌਰ 'ਤੇ ਸ਼ਾਮਿਲ ਸਨ। ਇਹ ਨਹਿਰੂ ਯੁਵਾ ਕੇਂਦਰ, ਲੁਧਿਆਣਾ, ਮਿਨ ਆਫ ਯੂਥ ਅਫੇਅਰਜ਼ ਐਂਡ ਸਪੋਰਟਸ, ਭਾਰਤ ਸਰਕਾਰ ਵੱਲੋਂ 24 ਮਾਰਚ ਤੋਂ 30 ਮਾਰਚ 2022 ਤੱਕ ਪੰਜਾਬ ਐਗਰੀਕਲਚਰ ਯੂਨੀਵਰਸਿਟੀ, ਲੁਧਿਆਣਾ ਵਿਖੇ ਮਿਨ ਆਫ ਹੋਮ ਅਫੇਅਰਜ਼, ਭਾਰਤ ਸਰਕਾਰ ਦੇ ਸਹਿਯੋਗ ਨਾਲ 13ਵਾਂ ਕਬਾਇਲੀ ਯੂਥ ਐਕਸਚੇਂਜ ਪ੍ਰੋਗਰਾਮ ਕਰਵਾਇਆ ਜਾ ਰਿਹਾ ਹੈ। ਜਿਸ ਵਿੱਚ ਛੱਤੀਸਗੜ੍ਹ ਰਾਜ ਦੇ 200 ਕਬਾਇਲੀ ਨੌਜਵਾਨ ਅਤੇ 20 ਸੀਆਰਪੀਐਫ ਜਵਾਨ ਸ਼ਾਮਲ ਹਨ। 13ਵੇਂ ਓਢਥੂ ਦਾ ਮੂਲ ਉਦੇਸ਼ ਦੇਸ਼ ਦੇ ਸਭ ਤੋਂ ਬੁਰੀ ਤਰ੍ਹਾਂ ਪ੍ਰਭਾਵਿਤ ਜ਼ਿਲ੍ਹਿਆਂ ਦੇ ਕਬਾਇਲੀ ਨੌਜਵਾਨਾਂ ਨੂੰ ਪੰਜਾਬ ਦੇ ਲੋਕਾਂ ਦੀ ਸੱਭਿਆਚਾਰਕ ਕਦਰਾਂ-ਕੀਮਤਾਂ, ਭਾਸ਼ਾਵਾਂ ਅਤੇ ਜੀਵਨਸ਼ੈਲੀ ਤੋਂ ਜਾਣੂ ਕਰਵਾਉਣਾ, ਪੰਜਾਬ ਵਿੱਚ ਤਕਨੀਕੀ ਅਤੇ ਉਦਯੋਗਿਕ ਉੱਨਤੀ ਨਾਲ ਜਾਣੂ ਕਰਵਾਉਣਾ ਹੈ ਜੋ ਵੱਖ-ਵੱਖ ਖੇਤਰਾਂ ਤੇ ਕੇਂਦਰਿਤ ਹੈ। ਵਿਕਾਸ ਦੀਆਂ ਗਤੀਵਿਧੀਆਂ, ਹੁਨਰ ਵਿਕਾਸ, ਵਿੱਦਿਅਕ ਅਤੇ ਰੁਜ਼ਗਾਰ ਦੇ ਮੌਕੇ ਉਪਲਬਧ ਹਨ, ਕਬਾਇਲੀ ਨੌਜਵਾਨਾਂ ਨੂੰ ਅਮੀਰ ਪਰੰਪਰਾਗਤ ਅਤੇ ਸੱਭਿਆਚਾਰਕ ਵਿਰਸੇ ਬਾਰੇ ਸੰਵੇਦਨਸ਼ੀਲ ਬਣਾਉਣਾ ਅਤੇ ਭਵਿੱਖੀ ਪੀੜ੍ਹੀ ਲਈ ਇਸ ਨੂੰ ਸੁਰੱਖਿਅਤ ਰੱਖਣ ਦੇ ਯੋਗ ਬਣਾਉਣ ਲਈ, ਕਬਾਇਲੀ ਨੌਜਵਾਨਾਂ ਨੂੰ ਆਪਣੇ ਸਾਥੀ ਸਮੂਹਾਂ ਨਾਲ ਭਾਵਨਾਤਮਕ ਸਬੰਧ ਵਿਕਸਿਤ ਕਰਨ ਵਿੱਚ ਮਦਦ ਕਰਨ ਲਈ। ਦੇਸ਼ ਦੇ ਦੂਜੇ ਹਿੱਸੇ ਅਤੇ ਆਪਣੇ ਸਵੈਮਾਣ ਨੂੰ ਵਧਾਉਣਾ। 7-ਦਿਨ ਪ੍ਰੋਗਰਾਮ ਦੌਰਾਨ, ਭਾਗੀਦਾਰ ਵੱਖ-ਵੱਖ ਗਤੀਵਿਧੀਆਂ ਵਿੱਚ ਸ਼ਾਮਲ ਹੋਣਗੇ ਜਿਵੇਂ ਕਿ ਸਫਾਈ ਅਭਿਆਨ, ਰੁੱਖ ਲਗਾਉਣਾ, ਯੋਗੇਧਿਆਨ ਸੈਸ਼ਨ, ਉਦਯੋਗਿਕ ਇਕਾਈਆਂ ਦਾ ਦੌਰਾ, ਘੋਸ਼ਣਾ ਅਤੇ ਸੱਭਿਆਚਾਰਕ ਮੁਕਾਬਲੇ, ਸਥਾਨਕ ਵਿਦਿਆਰਥੀਆਂ ਨਾਲ ਗੱਲਬਾਤ, ਪ੍ਰਭਾਤ ਫੇਰੀ, ਅੰਮ੍ਰਿਤਸਰ ਦਾ ਦੌਰਾ ਆਦਿ। ਸਮਾਪਤੀ ਸਮਾਰੋਹ 30 ਮਾਰਚ 2022 ਨੂੰ ਹੋਵੇਗਾ।

# 5 ਅਪਰੈਲ ਦੇ ਪ੍ਰਦਰਸ਼ਨ ਦੀ ਤਿਆਰੀ ਮੀਟਿੰਗਾਂ ਦਾ ਦੌਰ ਜਾਰੀ



ਅੱਜ ਬਿਜਲੀ ਕਰਮਚਾਰੀਆਂ ਦੀ ਮੀਟਿੰਗਾਂ ਬਿਜਲੀ ਬੂਥ ਸੈਕਟਰ 23, ਸੈਕਟਰ 9 ਅਤੇ ਸੈਕਟਰ 7 ਵਿਖੇ ਹੋਈ। ਮੀਟਿੰਗ ਵਿੱਚ ਇਲੈਕਟ੍ਰੀਕਲ ਵਰਕਮੈਨ ਯੂਨੀਅਨ ਦੇ ਬੈਨਰ ਹੇਠ 5 ਅਪਰੈਲ ਨੂੰ ਹੋਣ ਵਾਲੇ ਬਿਜਲੀ ਮੁਲਾਜਮਾਂ ਦੇ ਪ੍ਰਦਰਸ਼ਨ ਵਿੱਚ ਸ਼ਾਮਲ ਹੋਣ ਦਾ ਫੈਸਲਾ ਲਿਆ ਗਿਆ। ਮੀਟਿੰਗ ਵਿੱਚ ਪ੍ਰਸ਼ਾਸਨ ਨੂੰ ਚਿਤਾਵਨੀ ਦਿੱਤੀ ਗਈ ਕਿ ਜੇਕਰ ਆਊਟ ਸੋਰਸਡ ਵਰਕਰਾਂ ਦੀ ਸੈਲਰੀ ਵਿੱਚ 20 ਫੀਸਦੀ ਵਾਧਾ ਨਹੀਂ ਹੁੰਦਾ ਤਾਂ ਸਾਰੇ ਬਿਜਲੀ ਕਰਮੀ 5 ਅਪਰੈਲ ਦੇ ਪ੍ਰਦਰਸ਼ਨ ਵਿੱਚ ਹਿੱਸਾ ਲੈਣਗੇ। ਜਿਸਦੀ ਪੂਰੀ ਜਿੰਮੇਵਾਰੀ ਪ੍ਰਸ਼ਾਸਨ ਦੀ ਹੋਵੇਗੀ। ਮੁਲਾਜਮਾਂ ਨੂੰ ਸੰਬੋਧਨ ਕਰਦੇ ਹੋਏ ਕੋਆਰਡੀਨੇਸ਼ਨ ਕਮੇਟੀ ਆਫ ਗੋਰਮਿੰਟ ਐਂਡ ਐੱਮ ਸੀ ਇੰਪਲਾਈਜ ਐਂਡ ਵਰਕਰਜ਼ ਯੂ ਟੀ ਚੰਡੀਗੜ੍ਹ ਦੇ ਜਨਰਲ ਸਕੱਤਰ ਰਾਕੇਸ਼ ਕੁਮਾਰ, ਯੂਨੀਅਨ ਦੇ ਪ੍ਰਧਾਨ ਕਿਸ਼ੋਰੀ ਲਾਲ ਨੇ ਕਿਹਾ ਕਿ ਪ੍ਰਸ਼ਾਸਨ ਨੂੰ ਆਪਣੇ ਵਾਇਦੇ ਅਨੁਸਾਰ 1-4-2022 ਦੇ ਵਧੇ ਹੋਏ ਮਹਿੰਗਾਈ ਭੱਤੇ ਦੇ ਆਧਾਰ ਤੇ ਆਊਟ ਸੋਰਸਡ ਵਰਕਰਾਂ ਦਾ ਡੀ ?ਸ਼ੀ ਰੇਟ ਘੱਟ ਤੋਂ ਘੱਟ 20 ਫੀਸਦੀ ਵਧਣਾ ਚਾਹੀਦਾ ਹੈ। ਉਨ੍ਹਾਂ ਨੇ ਅੱਗੇ ਕਿਹਾ ਕਿ ਹੁਣ ਜਦੋਂ ਯੂ ਟੀ ਮੁਲਾਜਮਾਂ ਦਾ ਡੀ ? ਏ (ਮਹਿੰਗਾਈ ਭੱਤਾ) 32 ਫੀਸਦੀ ਬਣਦਾ ਹੈ। ਉਸੇ ਆਧਾਰ ਤੇ ਆਊਟ ਸੋਰਸਡ ਵਰਕਰਾਂ ਦਾ ਡੀ ?ਸ਼ੀ ਰੇਟ ਵੀ ਬਿਨਾ ਦੇਰੀ ਦੇ ਵਧਾਇਆ ਜਾਵੇ। ਉਨ੍ਹਾਂ ਇਹ ਮੰਗ ਵੀ ਕੀਤੀ ਕਿ ਜੂਨੀਅਰ ਟੈਕਨੀਸ਼ਨ ਇਲੈਕਟ੍ਰੀਸ਼ਨ ਦੇ ਡੀ ?ਸ਼ੀ ਰੇਟਾਂ ਨੂੰ ਇਲੈਕਟ੍ਰੀਸ਼ਨ ਅਤੇ ਲਿਫਟ ਆਪਰੇਟਰ ਦੇ ਬਰਾਬਰ ਕੀਤਾ ਜਾਵੇ। ਉਨ੍ਹਾਂ ਨੇ ਕਿਹਾ ਕਿ ਇਸ ਸਬੰਧ ਵਿੱਚ ਪ੍ਰਸ਼ਾਸਨ ਨੂੰ ਕਈ ਵਾਰ ਲਿਖ ਕੇ ਬੇਨਤੀ ਕੀਤੀ ਗਈ ਹੈ ਅਤੇ ਪ੍ਰਸ਼ਾਸਨ ਨਾਲ ਇਸ ਵਿਸ਼ੇ ਤੇ ਗੱਲਬਾਤ ਵੀ ਹੋਈ ਹੈ ਪਰ ਭਰੋਸਾ ਦੇਣ ਦੇ ਬਾਅਦ ਵੀ ਕੁਝ ਨਹੀਂ ਕੀਤਾ ਗਿਆ ਇਸ ਲਈ ਸਾਨੂੰ ਮਜਬੂਰੀ ਵਿੱਚ ਸੜਕਾਂ ਤੇ ਆਉਣਾ ਪੈ ਰਿਹਾ ਹੈ। ਕਰੋਨਾ ਕਾਲ ਵਿੱਚ ਆਊਟ ਸੋਰਸਡ ਵਰਕਰਾਂ ਨੇ ਦਿਨ ਰਾਤ ਕੰਮ ਕੀਤਾ ਹੈ ਅਤੇ ਹੁਣ ਵੀ ਕਰ ਰਹੇ ਹਨ ਪਰ ਪ੍ਰਸ਼ਾਸਨ ਉਨ੍ਹਾਂ ਦੇ ਨਾਲ ਧੱਕਾ ਕਰ ਰਿਹਾ ਹੈ। ਉਨ੍ਹਾਂ ਨੇ ਪ੍ਰਸ਼ਾਸਨ ਨੂੰ ਬੇਨਤੀ ਕੀਤੀ ਕਿ ਡੀ ?ਸ਼ੀ ਰੇਟਾਂ ਵਿੱਚ ਬਿਨਾ ਦੇਰੀ ਵਾਧਾ ਕੀਤਾ ਜਾਵੇ। ਮੀਟਿੰਗਾਂ ਵਿੱਚ ਦਲਜੀਤ ਸਿੰਘ, ਚਰਨਜੀਤ ਸਿੰਘ ਆਨੰਦ, ਬਲਵਿੰਦਰ ਸਿੰਘ, ਚੈਨ ਸਿੰਘ ਰਾਣਾ ਆਦਿ ਵੀ ਮੌਜੂਦ ਸਨ।

# ਅੰਮ੍ਰਿਤਸਰ ਪੁਲਿਸ ਦੀ ਪਹਿਲ ਕਰਮੀ 1500 ਦੇ ਕਰੀਬ ਕੇਸ ਦਾ ਕੀਤਾ ਜਾਵੇਗਾ ਨਿਪਟਾਰਾ

**ਅੰਮ੍ਰਿਤਸਰ/ਨੇਹਾ ਗਿੱਲ**

ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਬਾਅਦ ਪੰਜਾਬ ਪੁਲਸ ਵਲੋਂ ਵੀ ਹਰਕਤ ਚ ਆ ਕੇ ਕੰਮ ਕੀਤੇ ਜਾ ਰਹੇ ਹਨ ਉਥੇ ਹੀ ਅੰਮ੍ਰਿਤਸਰ ਵਿਚ ਵੀ 15 ਤੋਂ ਵੱਧ ਜਗ੍ਹਾ ਤੇ ਇਨ੍ਹਾਂ ਕੇਸਾਂ ਨੂੰ ਨਿਪਟਾਰਾ ਕਰਵਾਉਣ ਵਾਸਤੇ ਕੈਂਪ ਲਗਾਏ ਗਏ ਹਨ ਜਿਸ ਦੀ ਨਿਗਰਾਨੀ ਖੁਦ ਅੰਮ੍ਰਿਤਸਰ ਦੇ ਪੁਲਸ ਕਮਿਸ਼ਨਰ ਸੁਖਚੈਨ ਸਿੰਘ ਗਿੱਲ ਕਰ ਰਹੇ ਹਨ ਉੱਥੇ ਹੀ ਅੰਮ੍ਰਿਤਸਰ ਚ ਪੈਂਦੀ ਵੂਮੈਨ ਸੈੱਲ ਵਿਚ ਵੀ ਅੱਜ 45 ਦੇ ਕਰੀਬ ਕੇਸਾਂ ਦਾ ਨਿਪਟਾਰਾ ਕਰਨ ਦੀ ਕੋਸ਼ਿਸ਼ ਪੰਜਾਬ ਪੁਲਸ ਵੱਲੋਂ ਕੀਤੀ ਜਾ ਰਹੀ ਹੈ ਅਤੇ 7 ਦੇ ਕਰੀਬ ਕੇਸਾਂ ਦਾ ਨਿਪਟਾਰਾ ਕਰ ਦਿੱਤਾ ਗਿਆ ਹੈ

ਪੰਜਾਬ ਵਿੱਚ ਦਿਨ ਬਦਿਨ ਘਰ ਦੀਆਂ ਲੜਾਈਆਂ ਝਗਡ ? ਦੇ ਕੇਸ ਵਧਦੇ ਜਾ ਰਹੇ ਹਨ ਉਸ ਦਾ ਨਿਪਟਾਰਾ ਕਰਨ ਵਾਸਤੇ ਅੱਜ ਅੰਮ੍ਰਿਤਸਰ ਪੁਲਸ ਵਲੋਂ ਇੱਕ ਪਹਿਲਕਦਮੀ ਕੀਤੀ ਗਈ ਹੈ ਜਿਸ ਵਿੱਚ ਅੰਮ੍ਰਿਤਸਰ ਦੇ 15 ਥਾਣਿਆਂ ਵਿੱਚ ਕੈਂਪ ਲਗਾਇਆ ਗਿਆ ਹੈ ਜਿਸ ਵਿਚ 1500 ਤੋਂ ਵੱਧ ਕੇਸਾਂ ਦਾ ਨਿਪਟਾਰਾ ਕਰਨ ਦੀ ਟੀਚਾ ਅੱਜ ਰੱਖਿਆ ਗਿਆ ਹੈ ਉਥੇ ਹੀ ਅੰਮ੍ਰਿਤਸਰ ਦੇ ਪੁਲਸ ਕਮਿਸ਼ਨਰ ਸੁਖਚੈਨ ਸਿੰਘ ਗਿੱਲ ਦਾ ਕਹਿਣਾ ਹੈ ਕਿ ਇਹ ਇੱਕ ਵਿਲੱਖਣ ਕੋਸ਼ਿਸ਼ ਹੈ ਅਤੇ ਸਾਡੇ ਵੱਲੋਂ ਜ਼ਿਆਦਾ ਤੋਂ ਜ਼ਿਆਦਾ ਕੇਸਾਂ ਦਾ ਨਿਪਟਾਰਾ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ ਉਥੇ ਉਨ੍ਹਾਂ ਦਾ ਕਹਿਣਾ ਹੈ ਕਿ ਵੂਮੈਨ ਸੈੱਲ ਦੇ ਵਿੱਚ ਵੀ ਪਨਤਾਲੀ ਦੇ ਕਰੀਬ ਪਰਿਵਾਰਾਂ ਦਾ ਨਿਪਟਾਰਾ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਜਿਨ੍ਹਾਂ ਵਿੱਚੋਂ 7 ਪਰਿਵਾਰਾਂ ਦਾ ਨਿਪਟਾਰਾ ਹੋ ਚੁੱਕਾ ਹੈ ਅਤੇ ਇਨ੍ਹਾਂ ਵਿੱਚੋਂ ਕਾਫੀ ਖ਼ੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ ਅਤੇ ਇਹ ਖ਼ੁਸ਼ੀ ਖ਼ੁਸ਼ੀ ਆਪਣੇ ਘਰ ਵੀ ਜਾ ਰਹੇ ਹਨ ਅੰਮ੍ਰਿਤਸਰ ਦੇ ਪੁਲਸ ਕਮਿਸ਼ਨਰ ਦੇ ਮੁਤਾਬਕ ਅੱਜ ਹਜ਼ਾਰ ਤੋਂ ਵੱਧ ਕੇਸਾਂ ਦਾ ਨਿਪਟਾਰਾ ਕੀਤਾ ਜਾਵੇਗਾ ਅਤੇ ਇਸ ਨਾਲ ਪੰਜਾਬ ਪੁਲਸ ਤੇ ਜੋ ਬੋਝ ਪਿਆ ਹੋਇਆ ਹੈ ਉਹ ਵੀ ਜ਼ਰੂਰ ਘਟੇਗਾ

ਦੂਸਰੇ ਪਾਸੇ ਮੁੰਬਈ ਤੋਂ ਆਈ ਸ਼ਿਲਪਾ ਭੰਡਾਰੀ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਪਤੀ ਦਾ ਅਤੇ ਉਸਦਾ ਲੜਾਈ ਕਰਕੇ ਲੰਮੇ ਚਿਰ ਤੋਂ ਕੇਸ ਚੱਲ ਰਿਹਾ ਸੀ ਅਤੇ ਅੱਜ ਉਨ੍ਹਾਂ ਵੱਲੋਂ ਇਸ ਕੇਸ ਦਾ ਨਿਪਟਾਰਾ ਕਰ ਦਿੱਤਾ ਗਿਆ ਹੈ ਉੱਥੇ ਉਨ੍ਹਾਂ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਭਰਾ ਦਾ ਵੀ ਕੇਸ ਅੰਮ੍ਰਿਤਸਰ ਦੇ ਪੁਲੀਸ ਕਮਿਸ਼ਨਰ ਕੋਲ ਹੈ ਤੇ ਉਨ੍ਹਾਂ ਨੂੰ ਆਸ ਹੈ ਕਿ ਇਸ ਕੇਸ ਦਾ ਨਿਪਟਾਰਾ ਵੀ ਉਹ ਜਲਦ ਕਰਨਗੇ ਉੱਥੇ ਹੀ ਸ਼ਿਲਪਾ ਭੰਡਾਰੀ ਨੇ ਬੋਲਦੇ ਹੋਏ ਕਿਹਾ ਕਿ ਉਨ੍ਹਾਂ ਨੂੰ ਅੰਮ੍ਰਿਤਸਰ ਦੇ ਪੁਲੀਸ ਕਮਿਸ਼ਨਰ ਦੀ ਇਕ ਇਕ ਗੱਲ ਤੇ ਭਰੋਸਾ ਹੈ ਅਤੇ ਉਹ ਉਨ੍ਹਾਂ ਦਾ ਧੰਨਵਾਦ ਵੀ ਕਰਦੇ ਹਨ ਕਿਉਂਕਿ ਉਨ੍ਹਾਂ ਦੇ ਵੱਲੋਂ ਕੀਤੇ ਗਏ ਉਪਰਾਲੇ ਦਾ ਨਾਲ ਉਹ ਆਪਣੇ ਘਰ ਵਿਚ ਵਾਪਸ ਪਹੁੰਚ ਰਹੀ ਹੈ ਅਤੇ ਉਨ੍ਹਾਂ ਦੇ ਬੱਚਿਆਂ ਨੂੰ ਉਨ੍ਹਾਂ ਦੇ ਪਿਤਾ ਦਾ ਪਿਆਰ ਜ਼ਰੂਰ ਮਿਲੇਗਾ ਉੱਥੇ ਹੀ ਸ਼ਿਲਪਾ ਭੰਡਾਰੀ ਦੇ ਪਤੀ ਦਾ ਕਹਿਣਾ ਹੈ ਕਿ ਉਹ ਵੀ ਕਾਫੀ ਖੁਸ਼ ਹੈ ਅਤੇ ਉਹ ਪੰਜਾਬ ਪੁਲੀਸ ਦਾ ਇਸ ਲਈ ਧੰਨਵਾਦ ਵੀ ਕਰਨਾ ਚਾਹੁੰਦਾ ਹੈ

ਇੱਥੇ ਜ਼ਿਕਰਯੋਗ ਹੈ ਕਿ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਬਾਅਦ ਹਰ ਇਕ ਸਰਕਾਰੀ ਮੁਲਾਜ਼ਮ ਐਕਸ਼ਨ ਮੋਡ ਵਿੱਚ ਨਜ਼ਰ ਆ ਰਿਹਾ ਹੈ ਉਥੇ ਹੀ ਅੰਮ੍ਰਿਤਸਰ ਦੇ ਪੁਲਸ ਕਮਿਸ਼ਨਰ ਵਲੋਂ ਵੀ ਇਹ ਪਹਿਲਕਦਮੀ ਕੀਤੀ ਗਈ ਹੈ ਅਤੇ ਜੋ ਵੀ ਵੱਡੇ ਕੇਸ ਹਨ ਉਨ੍ਹਾਂ ਨੂੰ ਵੀ ਖਤਮ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਅਤੇ ਕਰੀਬ 1500 ਕੇਸਾਂ ਦੀ ਸੁਣਵਾਈ ਅੱਜ ਅੰਮ੍ਰਿਤਸਰ ਵਿੱਚ ਪੰਦਰਾਂ ਥਾਵਾਂ ਤੇ ਕੀਤੀ ਜਾ ਰਹੀ ਹੈ ਹੁਣ ਵੇਖਣਾ ਹੋਵੇਗਾ ਕਿ ਇੱਥੋਂ ਦੇ ਕਰਾਏ ਹੋਏ ਰਾਜ਼ੀਨਾਮੇ ਕੀ ਲੋਕਾਂ ਦੇ ਘਰ ਵਿੱਚ ਕਿੰਨਾ ਕੁ ਪਿਆਰ ਅਤੇ ਇਤਫਾਕ ਰੱਖਦਾ ਹੈ ਜਾਂ ਇਹ ਸਿਰਫ ਲੋਕਾਂ ਨੂੰ ਭਰਮਾਉਣ ਲਈ ਹੀ ਸਭ ਕੁਝ ਕੀਤਾ ਜਾ ਰਿਹਾ ਹੈ।

# ਵਿਧਾਇਕ ਕੁਲਵੰਤ ਸਿੰਘ ਸਿੱਧੂ ਵੱਲੋਂ ਅੱਜ ਨੇੜੇ ਸਿੱਧਵਾਂ ਕਨਾਲ ਨਹਿਰ ਦੁੱਗਰੀ ਰੋਡ ਕਿਨਾਰੇ ਸਥਿਤ ਸਟੈਟਿਕ ਕੰਪੈਕਟਰ ਦਾ ਕੀਤਾ ਦੌਰਾ

**ਲੁਧਿਆਣਾ/ਸੁਖਚੈਨ ਮਹਿਰਾ, ਕਰਨ ਅੱਗਰਵਾਲ**



ਆਮ ਆਦਮੀ ਪਾਰਟੀ ਦੇ ਹਲਕਾ ਆਤਮ ਨਗਰ ਦੇ ਵਿਧਾਇਕ ਸ੍. ਕੁਲਵੰਤ ਸਿੰਘ ਸਿੱਧੂ ਨੇ ਅੱਜ ਅੱਜ ਨੇੜੇ ਸਿੱਧਵਾਂ ਕਨਾਲ ਨਹਿਰ ਦੁੱਗਰੀ ਰੋਡ ਕਿਨਾਰੇ ਸਥਿਤ ਸਟੈਟਿਕ ਕੰਪੈਕਟਰਾਂ ਦਾ ਦੌਰਾ ਕੀਤਾ। ਇਸ ਮੌਕੇ ਉਨ੍ਹਾਂ ਨਾਲ ਨਗਰ ਨਿਗਮ ਕਮਿਸ਼ਨਰ ਸ੍ਰੀ ਪ੍ਰਦੀਪ ਕੁਮਾਰ ਸੱਭਰਵਾਲ ਅਤੇ ਜੁਆਇੰਟ ਕਮਿਸ਼ਨਰ ਸ਼੍ਰੀਮਤੀ ਪੂਨਮਪ੍ਰੀਤ ਕੌਰ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਸਨ। ਉਨ੍ਹਾਂ ਨਗਰ ਨਿਗਮ ਅਧਿਕਾਰੀਆਂ ਨੂੰ ਖੇਤਰ ਵਿੱਚ ਸਟੈਟਿਕ ਕੰਪੈਕਟਰ ਨੂੰ ਵਧੀਆ ਬਨਾਉਣ ਅਤੇ ਪੂਰੇ ਪ੍ਰਬੰਧਨ ਦੇ ਨਿਰਦੇਸ਼ ਦਿੱਤੇ ਅਤੇ ਸ਼ਹਿਰ ਦੀ ਸਾਫ ਸਫਾਈ ਨੂੰ ਹਰ ਹੀਲੇ ਵਧੀਆ ਬਨਾਉਣ ਲਈ ਕਿਹਾ ਗਿਆ। ਉਨ੍ਹਾਂ ਕਿਹਾ ਕਿ ਸਿੱਧਵਾਂ ਕਨਾਲ ਨਹਿਰ ਦੁੱਗਰੀ ਰੋਡ ਕਿਨਾਰੇ ਸਥਿਤ ਸਟੈਟਿਕ ਕੰਪੈਕਟਰ ਦੀ ਕੰਧ ਉੱਚੀ ਚੁੱਕੀ ਜਾਵੇ ਤਾਂ ਜੋ ਇਸ ਦਾ ਕੂੜਾ ਕਰਕਟ ਸੜਕ 'ਤੇ ਨਾ ਖਿਲਰੇ ਅਤੇ ਸੜਕ 'ਤੇ ਆਉਣ-ਜਾਣ ਵਾਲੇ ਲੋਕਾਂ ਨੂੰ ਕੋਈ ਵੀ ਮੁਸ਼ਕਲ ਨਾ ਆਵੇ। ਉਨ੍ਹਾਂ ਨਗਰ ਨਿਗਮ ਅਧਿਕਾਰੀਆਂ ਨੂੰ ਕਿਹਾ ਕਿ ਸਟੈਟਿਕ ਕੰਪੈਕਟਰ ਵਿੱਚ ਸਾਰੇ ਪ੍ਰਬੰਧ ਅਤੇ ਪੂਰਾ ਸਮਾਨ ਉਪਲੱਬਧ ਹੋਣਾ ਚਾਹੀਦਾ ਹੈ ਉਹ ਕਿਸੇ ਸਮੇਂ ਸਟੈਟਿਕ ਕੰਪੈਕਟਰ ਦਾ ਦੌਰਾ ਕਰ ਸਕਦੇ ਹਨ।

ਇਸ ਮੌਕੇ ਬੋਲਦਿਆਂ ਉਨ੍ਹਾਂ ਇਲਾਕਾ ਨਿਵਾਸੀਆਂ ਨੂੰ ਭਰੋਸਾ ਦਿਵਾਇਆ ਕਿ ਜਲਦ ਹੀ ਲੁਧਿਆਣਾ ਕੂੜਾ ਮੁਕਤ ਸ਼ਹਿਰ ਬਣ ਜਾਵੇਗਾ। ਉਨ੍ਹਾਂ ਦੱਸਿਆ ਕਿ ਲੁਧਿਆਣਾ ਵਿੱਚ ਕੂੜਾ-ਕਰਕਟ ਦੇ ਸੁਚੱਜੇ ਪ੍ਰਬੰਧਨ ਲਈ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿੱਚ ਹੋਰ ਸਟੈਟਿਕ ਕੰਪੈਕਟਰ ਲਗਾਏ ਜਾਣਗੇ ਜਦਕਿ ਕਈਆਂ ਦੀ ਪ੍ਰਕਿਰਿਆ ਚੱਲ ਰਹੀ ਹੈ। ਉਨ੍ਹਾਂ ਕਿਹਾ ਕਿ ਠੋਸ ਰਹਿੰਦ-ਖੂੰਹਦ ਦੇ ਬਿਹਤਰ ਪ੍ਰਬੰਧਨ ਲਈ ਸਟੈਟਿਕ ਕੰਪੈਕਟਰ ਹੋਰ ਲਗਾਏ ਜਾਣਗੇ। ਇਸ ਦੇ ਨਾਲ ਹੀ ਉਨ੍ਹਾਂ ਨਹਿਰ ਦੇ ਸਿੱਧਵਾਂ ਕਨਾਲ ਨਹਿਰ ਦੇ ਕਿਨਾਰੇ 'ਤੇ ਬਨਣ ਵਾਲੇ ਪਾਰਕ ਅਤੇ ਸੜਕ ਦਾ ਨਿਰੀਖਣ ਵੀ ਕੀਤਾ ਅਤੇ ਅਧਿਕਾਰੀਆਂ ਤੋਂ ਇਸ ਸਬੰਧੀ ਰਿਪੋਰਟ ਪ੍ਰਾਪਤ ਕੀਤੀ।

ਉਨ੍ਹਾਂ ਲੁਧਿਆਣਾ ਨੂੰ ਕੂੜਾ ਮੁਕਤ ਬਣਾਉਣ ਲਈ ਵਚਨਬੱਧ ਹਨ ਅਤੇ ਸ਼ਹਿਰ ਵਾਸੀਆਂ ਨੂੰ ਇਸ ਸਮਾਜਿਕ ਕੰਮ ਲਈ ਨਗਰ ਨਿਗਮ ਦਾ ਸਹਿਯੋਗ ਕਰਨ ਦੀ ਵੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਸ਼ਹਿਰ ਨੂੰ ਵਧੀਆ ਬੁਨਿਆਦੀ ਢਾਂਚਾ ਪ੍ਰਦਾਨ ਕਰਨ ਲਈ ਵਚਨਬੱਧ ਹੈ।

# ਬਲਾਕ ਦਫਤਰ ਵਿਖੇ ਵਿਧਾਇਕਾ ਮਾਣੂੰਕੇ ਦਾ ਹੋਇਆ ਸਨਮਾਨ

**ਜਗਰਾਉ/ਅਰਜੁਨ ਸਹਿਜਪਾਲ**

ਬਲਾਕ ਸੰਮਤੀ ਜਗਰਾਉ ਦੀ ਅੱਜ ਬਲਾਕ ਦਫਤਰ ਜਗਰਾਉ ਵਿਖੇ ਜ਼ਰੂਰੀ ਮੀਟਿੰਗ ਹੋਈ, ਜਿਸ ਵਿੱਚ ਵਿਸ਼ੇਸ਼ ਤੌਰ ਤੇ ਪਹੁੰਚੇ ਹਲਕਾ ਜਗਰਾਉ ਦੇ ਵਿਧਾਇਕ ਬੀਬੀ ਸਰਵਜੀਤ ਕੌਰ ਮਾਣੂੰਕੇ ਦਾ ਜਿੱਤ ਦੀ ਖੁਸ਼ੀ ਵਿੱਚ ਸੰਮਤੀ ਮੈਂਬਰਾਂ ਵੱਲੋਜ਼ ਸਨਮਾਨ ਕੀਤਾ ਗਿਆ। ਵਿਧਾਇਕਾ ਮਾਣੂੰਕੇ ਦੀ ਹਾਜ਼ਰੀ ਵਿੱਚ ਸਮੂਹ ਮੈਂਬਰਾਂ ਵੱਲੋਜ਼ ਪੰਚਾਇਤ ਸੰਮਤੀ ਅਤੇ ਮਨਰੇਗਾ ਦੇ ਕੰਮਾਂ ਸਬੰਧੀ ਬੱਜਟ ਪਾਸ ਕੀਤਾ ਗਿਆ। ਮੀਟਿੰਗ ਦੌਰਾਨ ਸੰਮਤੀ ਮੈਂਬਰਾਂ ਨੇ ਵਿਧਾਇਕਾ ਮਾਣੂੰਕੇ ਅੱਗੇ ਆਪਣੀਆਂ ਸਮੱਸਿਆਵਾਂ ਜਾਹਿਰ ਕੀਤੀਆਂ। ਸੰਮਤੀ ਮੈਂਬਰਾਂ ਨੇ ਆਖਿਆ ਕਿ ਪਿਛਲੇ ਲੰਮੇ ਸਮੇਜ਼ ਤੋਜ਼ ਉਹਨਾਂ ਦੀ ਜਾਣਕਾਰੀ ਤੋਜ਼ ਬਿਨਾਂ ਹੀ ਮਤੇ ਪਾਸ ਕਰ ਦਿੱਤੇ ਜਾਂਦੇ ਹਨ ਅਤੇ ਉਹਨਾਂ ̆ ਕੇਵਲ ਹਸਤਾਖ਼ਰ ਕਰਨ ਲਈ ਹੀ ਆਖ ਦਿੱਤਾ ਜਾਂਦਾ ਹੈ ਅਤੇ ਉਹਨਾਂ ਅਨੁਸਾਰ ਕੋਈ ਕੰਮ ਵੀ ਨਹੀਜ਼ ਕੀਤਾ ਜਾਂਦਾ ਅਤੇ ਕੋਈ ਸੁਣਵਾਈ ਵੀ ਨਹੀਜ਼ ਕੀਤੀ ਜਾਂਦੀ। ਇਸ ਮਾਮਲੇ ̆ ਗੰਭੀਰਤਾ ਨਾਲ ਲੈਜ਼ਦਿਆਂ ਵਿਧਾਇਕਾ ਸਰਵਜੀਤ ਕੌਰ ਮਾਣੂੰਕੇ ਨੇ ਉਹਨਾਂ ਮੈਂਬਰਾਂ ̆ ਵਿਸ਼ਵਾਸ਼ ਦਿਵਾਇਆ ਕਿ ਉਹਨਾਂ ਦੀ ਪੂਰੀ ਤਰ੍ਹਾਂ ਸੁਣਵਾਈ ਹੋਵੇਗੀ ਅਤੇ ਸਾਰਿਆਂ ਦੀ ਸਹਿਮਤੀ ਨਾਲ ਹੀ ਮਤੇ ਪਾਸ ਕੀਤੇ ਜਾਣਗੇ। ਵਿਧਾਇਕਾ ਨੇ ਆਖਿਆ ਕਿ ਜੋ ਵੀ ਮਿਹਨਤ ਕਰਕੇ ਸਮਾਜ ਲਈ ਕੁੱਝ ਚੰਗਾ ਕਰਨਾਂ ਚਾਹੁੰਦਾ ਹੈ, ਉਸਦਾ ਪੂਰੀ ਤਰ੍ਹਾਂ ਨਾਲ ਸਤਿਕਾਰ ਕੀਤਾ ਜਾਵੇਗਾ ਅਤੇ ਉਸ ̆ ਸਹਿਯੋਗ ਦਿੱਤਾ ਜਾਵੇਗਾ। ਉਹਨਾਂ ਆਖਿਆ ਕਿ ਪਿਛਲੇ ਸਮੇਜ਼ ਦੌਰਾਨ ਅਕਾਲੀਆਂ ਤੇ ਕਾਂਗਰਸੀਆਂ ਨੇ ਮਿਲੀ-ਭੁਗਤ ਨਾਲ ਪੰਜਾਬ ਦੇ ਖਜ਼ਾਨੇ ਦੀ ਪੂਰਾਂ ਨਾਲ ਲੁੱਟ ਮਚਾਈ ਹੈ ਅਤੇ ਹੁਣ ਆਮ ਆਦਮੀ ਪਾਰਟੀ ਦੀ ਇਮਾਨਦਾਰ ਸਰਕਾਰ ਪੰਜਾਬ ਅੰਦਰ ਹੋਜ਼ਦ ਵਿੱਚ ਆ ਚੁੱਕੀ ਹੈ। ਪੰਜਾਬ ਦੇ ਮਾਨਯੋਗ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਸਮੁੱਚੇ ਵਰਗ ਦੇ ਕੰਮ ਕੀਤੇ ਜਾਣਗੇ ਅਤੇ ਕਿਸੇ ਨਾਲ ਕੋਈ ਵੀ ਵਿਤਕਰਾ



ਨਹੀਜ਼ ਕੀਤਾ ਜਾਵੇਗਾ। ਉਹਨਾਂ ਆਖਿਆ ਕਿ ਆਮ ਆਦਮੀ ਪਾਰਟੀ ਵੱਲੋਜ਼ ਸਰਕਾਰ ਦਾ ਕੰਮਕਾਜ ਸੰਭਾਲਦਿਆਂ ਹੀ ਪੰਜਾਬ ਅੰਦਰ ਭ੍ਰਿਸ਼ਟਾਚਾਰ ̆ ਨੱਥ ਪਾਉਣ ਲਈ ਵੱਟਸਐਪ ਨੰਬਰ ਵੀ ਜਾਰੀ ਕੀਤਾ ਗਿਆ ਹੈ, ਤਾਂ ਕਿ ਆਮ ਲੋਕਾਂ ਦੀ ਕੋਈ ਲੁੱਟ ਨਾ ਹੋਵੇ ਅਤੇ ਜਾਣਬੁੱਝ ਕੇ ਕੋਈ ਕਿਸੇ ਦਾ ਕੰਮਕਾਜ ਨਾ ਰੋਕੇ। ਉਹਨਾਂ ਆਖਿਆ ਕਿ ਜੇਕਰ ਕੋਈ ਭ੍ਰਿਸ਼ਟਾਚਾਰ ਕਰਦਾ ਫੜਿਆ ਗਿਆ, ਉਸੱ ਕਿਸੇ ਵੀ ਕੀਮਤ ਉਪਰ ਬਖਸ਼ਿਆ ਨਹੀਜ਼ ਜਾਵੇਗਾ। ਉਹਨਾਂ ਆਖਿਆ ਕਿ ਆਮ ਆਦਮੀ ਪਾਰਟੀ ਨੇ ਪੰਜਾਬ ਵਾਸੀਆਂ ਨਾਲ ਜੋ ਵੀ ਵਾਅਦੇ ਕੀਤੇ ਹਨ, ਉਹ ਸਾਰੇ ਸਮੇਜ਼ ਅਨੁਸਾਰ ਪੂਰੇ ਕੀਤੇ ਜਾਣਗੇ। ਇਸ ਮੌਕੇ ਉਹਨਾਂ ਦੇ ਨਾਲ ਪ੍ਰੋਫੈਸਰ ਸੁਖਵਿੰਦਰ ਸਿੰਘ ਸੁੱਖੀ#, ਸਾਬਕਾ ਕੌਜ਼ਸਲਰ ਕੁਲਵਿੰਦਰ ਸਿੰਘ ਕਾਲਾ, ਸਨੀ ਬੱਤਰਾ, ਨੋਨੀ ਸੈਜ਼ਭੀ, ਅਮਰਦੀਪ ਸਿੰਘ ਅਮਨ, ਛਿੰਦਰਪਾਲ ਸਿੰਘ ਮੀਨੀਆਂ, ਕਰਮ ਸਿੰਘ ਸਿੱਧੂ, ਬਲਾਕ ਸੰਮਤੀ ਜਗਰਾਉਜ਼ ਦੇ ਚੇਅਰਮੈਨ ਬੀਬੀ ਬਲਵਿੰਦਰ ਕੌਰ ਹਠੂਰ, ਬੀ ਡੀ ਪੀ ਉ ਜਸਵਿੰਦਰ ਸਿੰਘ, ਸੰਮਤੀ ਮੈਜ਼ਬਰ ਰਾਜਪਾਲ, ਜੋਗਿੰਦਰ ਸਿੰਘ, ਗੁਰਚਰਨ ਸਿੰਘ, ਉਤਮ ਸਿੰਘ, ਜੀਵਨ ਸਿੰਘ, ਭਵਨਜੀਤ ਸਿੰਘ, ਕਮਲਜੀਤ ਕੌਰ, ਬਲਜਿੰਦਰ ਕੌਰ, ਕੁਲਦੀਪ ਕੌਰ, ਹਰਪ੍ਰੀਤ ਕੌਰ, ਕਰਮਜੀਤ ਕੌਰ, ਦਲਜੀਤ ਕੌਰ, ਰਣਜੀਤ ਕੌਰ, ਕਮਲਜੀਤ ਕੌਰ, ਸੁਰਜੀਤ ਸਿੰਘ, ਮੋਹਣ ਸਿੰਘ, ਬਹਾਲ ਸਿੰਘ, ਕੁਲਦੀਪ ਸਿੰਘ, ਹਰਨੇਕ ਸਿੰਘ, ਗੁਰਚਰਨ ਸਿੰਘ, ਗੁਰਦੇਵ ਸਿੰਘ, ਹਰਮਿੰਦਰ ਸਿੰਘ, ਭਜਨ ਸਿੰਘ ਆਦਿ ਸੰਮਤੀ ਮੈਂਬਰ ਵੀ ਹਾਜ਼ਰ ਸਨ।

# ਵਿਧਾਇਕ ਦਵਿੰਦਰਜੀਤ ਸਿੰਘ ਲਾਡੀ ਢੋਸ ਵੱਲੋਂ ਧਰਮਕੋਟ ਸ਼ਹਿਰ ਵਾਸੀਆਂ ਦਾ ਕੀਤਾ ਧੰਨਵਾਦੀ ਦੌਰਾ



**ਧਰਮਕੋਟ/ਦਵਿੰਦਰ ਸਿੰਘ ਬਿੱਟੂ**

ਹਲਕਾ ਧਰਮਕੋਟ ਤੋਂ ਵੱਡੀ ਲੀਡ ਨਾਲ ਜਿੱਤੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਦਵਿੰਦਰਜੀਤ ਸਿੰਘ ਲਾਡੀ ਢੋਸ ਵੱਲੋਂ ਹਲਕਾ ਧਰਮਕੋਟ ਵਾਸੀਆਂ ਵੱਲੋਂ ਵੱਡੀ ਲੀਡ ਨਾਲ ਜਿਤਾਉਣ ਤੇ ਅੱਜ ਧਰਮਕੋਟ ਸ਼ਹਿਰ ਵਿਖੇ ਸੀਨੀਅਰ ਆਗੂ ਗੁਰਮੀਤ ਮੁਖੀਜਾ ਦੀ ਦੁਕਾਨ ਤੋਂ ਸ਼ੁਰੂ ਹੋ ਕੇ ਸਾਰੇ ਸ਼ਹਿਰ ਨਿਵਾਸੀਆਂ ਦਾ ਧੰਨਵਾਦ ਕੀਤਾ ਗਿਆ। ਕੁਝ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਦਵਿੰਦਰਜੀਤ ਸਿੰਘ ਲਾਡੀ ਢੋਸ ਨੇ ਕਿਹਾ ਕਿ ਜਿਸ ਤਰ੍ਹਾਂ ਹਲਕਾ ਵਾਸੀਆਂ ਨੇ ਵੱਡੀ ਗਿਣਤੀ ਵਿੱਚ ਵੋਟਾਂ ਪਾ ਕੇ ਜਿਤਾਇਆ ਹੈ। ਮੈਂ ਉਨ੍ਹਾਂ ਦਾ ਮੁੱਲ ਹਲਕੇ ਦੇ ਜੰਗੀ ਪੱਧਰ ਵਿਕਾਸ ਕਾਰਜਾਂ ਨਾਲ ਮੋੜਾਂਗਾ ਅਤੇ ਹਰ ਟਾਇਮ ਹਲਕੇ ਦੀ ਸੇਵਾ ਅਤੇ ਦੁਖ-ਸੁਖ ਦੇ ਵਿਚ ਸਹਾਈ ਹੋਵਾਂਗਾ। ਇਸ ਮੌਕੇ ਉਨ੍ਹਾਂ ਨਾਲ ਸੀਨੀਅਰ ਆਗੂ ਗੁਰਮੀਤ ਮੁਖੀਜਾਂ ਡਾਕਟਰ ਗੁਰਮੀਤ ਸਿੰਘ ਗਿੱਲ ਬਲਰਾਜ ਸਿੰਘ ਕਲਸੀ ਐਮ ਸੀ ਅਮਰਜੀਤ ਸਿੰਘ ਬੀਰਾ ਐਮ ਸੀ ਕ੍ਰਿਸ਼ਨ ਹਾਂਸ ਐਮ ਸੀ ਲਛਮਣ ਸਿੰਘ ਸਿੱਧੂ ਪਵਨ ਰੇਲੀਆਂ ਰਾਜਾ ਬੱਤਰਾ ਆੜਤੀਆ ਰਾਜਪਾਲ ਮੁਖੀਜਾਂ ਸਾਜਨ ਛਾਬੜਾ ਗੱਗੂ ਮੁਖੀਜਾਂ ਕਾਕੂ ਨੌਹਰੀਆ ਅਮਨ ਪੰਡੋਰੀ ਪ੍ਰੇਮ ਬੱਗੇ ਕਪਿਲ ਸਿੰਗਲਾ ਰਿਸ਼ੂ ਅਰੋੜਾ ਆਦਿ ਵੱਡੀ ਗਿਣਤੀ ਵਿੱਚ ਆਮ ਆਦਮੀ ਪਾਰਟੀ ਦੇ ਵਲੰਟੀਅਰਾਂ ਅਤੇ ਵਰਕਰ ਹਾਜ਼ਰ ਸਨ।



# ਭਾਈ ਨੂਰਾ ਮਾਹੀ ਕਲੱਬ ਵਲੋਂ ਫੀਜ਼ਿਓਥੈਰੇਪੀ ਕੈਂਪ ਕੱਲ੍ਹ

**ਰਾਏਕੋਟ/ਗੋਗੀ:** ਭਾਈ ਨੂਰਾਮਾਹੀ ਕਲੱਬ ਰਾਏਕੋਟ ਵਲੋਂ ਸਿਟੀ ਲੈਬ ਮੁੱਲਾਪੁਰ ਦੇ ਸਹਿਯੋਗ ਨਾਲ 27 ਮਾਰਚ ਦਿਨ ਐਤਵਾਰ ਨੂੰ ਸਥਾਨਕ ਗੁਰਦੁਆਰਾ ਟਾਹਲੀਆਣਾ ਸਾਹਿਬ ਵਿਖੇ ਸਥਿੱਤ ਭਾਈ ਨੂਰਾ ਮਾਹੀ ਨਿਵਾਸ ਵਿੱਚ ਲੈਬੋਰਟਰੀ ਟੈਸਟ ਅਤੇ ਫੀਜ਼ਿਓਥੈਰੇਪੀ ਦਾ ਕੈਂਪ ਲਗਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਕਲੱਬ ਦੇ ਪ੍ਰਧਾਨ ਮਾਸਟਰ ਪ੍ਰੀਤਮ ਸਿੰਘ ਬਰ੍ਹਮੀ ਨੇ ਦੱਸਿਆ ਕਿ ਇਹ ਕੈਂਪ ਸਵੇਰੇ 9 ਵਜ਼ੇ ਤੋਂ ਲੈ ਕੇ ਸ਼ਾਮ 5 ਵਜ਼ੇ ਤੱਕ ਲਗਾਇਆ ਜਾਵੇਗਾ। ਜਿਸ ਵਿੱਚ ਡਾ. ਐਚ.ਐਸ ਸਿੱਧੂ ਅਤੇ ਫੀਜ਼ਿਓਥੇਰੇਪੀ ਮਾਹਿਰ ਡਾ. ਪ੍ਰਭਪ੍ਰੀਤ ਕੌਰ ਅਤੇ ਡਾ. ਹਰਜੀਤ ਕੌਰ ਮਰੀਜ਼ਾਂ ਦੀ ਜਾਂਚ ਕਰਨਗੇ। ਇਸ ਤੋਂ ਇਲਾਵਾ ਕੈਂਪ ਦੌਰਾਨ ਵਾਜ਼ਬ ਦਰਾਂ 'ਤੇ ਖੂਨ ਦੇ ਟੈਸਟ ਵੀ ਕੀਤੇ ਜਾਣਗੇ।

## ਜਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵੱਲੋਂ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੀ ਕਰਵਾਈ ਜਾ ਰਹੀ ਮੁਫਤ ਕੋਚਿੰਗ

**ਲੁਧਿਆਣਾ/ਸੁਖਚੈਨ ਮਹਿਰਾ, ਕਰਨ**

ਜਿਲ੍ਹਾ ਰੋਜਗਾਰ ਅਤੇ ਕਾਰੋਬਾਰ ਬਿਊਰੋ (ਡੀ.ਬੀ.ਬੀ.ਈ.) ਲੁਧਿਆਣਾ ਦੇ ਡਿਪਟੀ ਡਾਇਰੈਕਟਰ ਸ੍ਰੀਮਤੀ ਮੀਨਾਕਸ਼ੀ ਸ਼ਰਮਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਸਰਕਾਰ ਵਲੋਂ ਮੁਕਾਬਲੇ ਦੀ ਪ੍ਰੀਖਿਆਵਾਂ ਅਧੀਨ ਡੀ.ਬੀ.ਈ.ਈ. ਲੁਧਿਆਣਾ ਵੱਲੋਂ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੀ ਮੁਫਤ ਕੋਚਿੰਗ ਮੁਹੱਈਆ ਕਰਵਾਈ ਜਾ ਰਹੀ ਹੈ । ਉਨ੍ਹਾਂ ਦੱਸਿਆ ਕਿ ਇਸ ਮੁਫਤ ਕੋਚਿੰਗ ਤਹਿਤ ਐਸ.ਐਸ.ਸੀ., ਬੈਂਕ ਪੀ.ਓ/ਕਲੈਰੀਕਲ, ਆਰ.ਆਰ.ਬੀ, ਸੀ.ਈ.ਟੀ, ਪੀ.ਪੀ.ਐਸ.ਸੀ., ਪੀ.ਐਸ.ਐਸ.ਐਸ.ਬੀ. ਅਤੇ ਕੇਂਦਰ ਅਤੇ ਰਾਜ ਸਰਕਾਰ ਦੀਆਂ ਨਿਯੁਕਤੀਆਂ ਬਾਰੇ ਕੋਚਿੰਗ ਦਿੱਤੀ ਜਾਵੇਗੀ। ਉਹਨਾਂ ਦਸਿੱਆ ਕਿ ਇਸ ਵਿੱਚ 12ਵੀਂ ਅਤੇ ਗ੍ਰੈਜੂਏਸ਼ਨ ਦੋਵੇ ਯੋਗਤਾ ਵਾਲੇ ਭਾਗ ਲੈ ਸਕਦੇ ਹਨ। ਉਹਨਾਂ ਇਹ ਵੀ ਦੱਸਿਆ ਕਿ ਇਹ ਕੋਚਿੰਗ ਆਨਲਾਈਨ ਪ੍ਰਣਾਲੀ ਨਾਲ ਹੋਵੇਗੀ। ਚਾਹਵਾਨ ਉਮੀਦਵਾਰ https://www.eduzphere.com/free-govtexams ਲਿੰਕ 'ਤੇ ਰਜਿਸਟ੍ਰੇਸ਼ਨ ਕਰਨ ਤਾਂ ਜੋ ਉਨ੍ਹਾਂ ਨੂੰ ਸਰਕਾਰ ਦੁਆਰਾ ਮੁਫਤ ਕੌਚਿੰਗ ਦਾ ਲਾਭ ਮਿਲ ਸਕੇ। ਵਧੇਰੇ ਜਾਣਕਾਰੀ ਲਈ ਵੈਬਸਾਇਟ www.pgrkam.com Óå¶ ਅਤੇ ਹੈਲਪਲਾਈਨ ਨੰਬਰ 77400-01682 'ਤੇ ਵੀ ਸੰਪਰਕ ਕੀਤਾ ਜਾ ਸਕਦਾ ਹੈ।

# ਡਿਪਟੀ ਕਮਿਸ਼ਨਰ ਨੇ ਸਬੰਧਤ ਅਧਿਕਾਰੀਆਂ ਅਤੇ ਸਮੂਹ ਖ੍ਰੀਦ ਏਜੰਸੀਆਂ ਦੇ ਨਮਾਇੰਦਿਆਂ ਨਾਲ ਕੀਤੀ ਮੀਟਿੰਗ

## ਕਣਕ ਦੀ ਖ੍ਰੀਦ ਦੇ ਸੁਚੱਜੇ ਖ੍ਰੀਦ ਪ੍ਰਬੰਧਾਂ ਬਾਰੇ ਕੀਤਾ ਰੀਵਿਊ

**ਲੁਧਿਆਣਾ/ਸੁਖਚੈਨ ਮਹਿਰਾ**

ਪੰਜਾਬ ਵਿੱਚ ਕਣਕ ਦੀ ਸਰਕਾਰੀ ਖਰੀਦ ਜਲਦੀ ਹੀ ਸ਼ੁਰੂ ਹੋਣ ਜਾ ਰਹੀ ਹੈ। ਜਿਸ ਲਈ ਜ਼ਿਲਾ ਲੁਧਿਆਣਾ ਵਿੱਚ ਵੀ ਖਰੀਦ ਪ੍ਰਬੰਧ ਨੇਪਰੇ ਚਾੜੇ ਜਾ ਰਹੇ ਹਨ। ਡਿਪਟੀ ਕਮਿਸ਼ਨਰ ਨੇ ਅਗਾਊਂ ਖ਼ਰੀਦ ਪ੍ਰਬੰਧਾਂ ਦਾ ਜਾਇਜ਼ਾ ਲੈਣ ਲਈ ਅੱਜ ਆਪਣੇ ਦਫ਼ਤਰ ਵਿਖੇ ਵੱਖ ਵੱਖ ਅਧਿਕਾਰੀਆਂ ਅਤੇ ਜ਼ਿਲ੍ਹਾ ਲੁਧਿਆਣਾ ਦੀਆਂ ਸਮੂਹ ਖ੍ਰੀਦ ਏਜੰਸੀਆਂ ਦੇ ਨੁਮਾਇੰਦਿਆਂ ਨਾਲ ਮੀਟਿੰਗ ਕੀਤੀ। ਮੀਟਿੰਗ ਵਿੱਚ ਉਨ੍ਹਾਂ ਦੱਸਿਆ ਕਿ ਇਸ ਸਾਲ 9.25 ਲੱਖ ਮੀਟ੍ਰਿਕ ਟਨ ਕਣਕ ਦੀ ਖਰੀਦ ਕਰਨ ਦਾ ਟੀਚਾ ਮਿਥਿਆ ਗਿਆ ਹੈ। ਉਨ੍ਹਾਂ ਕਿਹਾ ਕਿ ਹਰ ਵਾਰ ਦੀ ਤਰ੍ਹਾਂ ਇਸ ਵਾਰ ਵੀ ਕਿਸਾਨਾਂ ਨੂੰ ਮੰਡੀਆਂ ਵਿੱਚ ਆਪਣੀ ਫ਼ਸਲ ਵੇਚਣ ਵਿੱਚ ਕਿਸੇ ਵੀ ਪ੍ਰੇਸ਼ਾਨੀ ਦਾ ਸਾਹਮਣਾ ਨਹੀਂ ਕਰਨ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਜ਼ਿਲਾ ਲੁਧਿਆਣਾ ਵਿੱਚ ਖਰੀਦ ਕਾਰਜਾਂ ਨੂੰ ਸਮੇਂ ਸਿਰ ਨੇਪਰੇ ਚਾੜਨ ਲਈ ਸਮੂਹ ਵਿਭਾਗਾਂ ਨੂੰ



ਹਦਾਇਤਾਂ ਜਾਰੀ ਕਰ ਦਿੱਤੀਆਂ ਗਈਆਂ ਹਨ। ਜ਼ਿਲ੍ਹਾ ਪ੍ਰਸ਼ਾਸ਼ਨ ਕਿਸਾਨਾਂ ਦਾ ਇਕ ਇਕ ਦਾਣਾ ਖਰੀਦਣ ਲਈ ਦ੍ਰਿੜ ਵਚਨਬੱਧ ਹੈ। ਉਨ੍ਹਾਂ ਸਮੂਹ ਖਰੀਦ ਏਜੰਸੀਆਂ ਪਾਸੋਂ ਕਣਕ ਦੀ ਸਟੋਰੇਜ਼ ਲਈ ਲੋੜੀਂਦੀ ਜਗ੍ਹਾ, ਬਾਰਦਾਨਾ ਅਤੇ ਹੋਰ ਸਟਾਕ ਆਰਟੀਕਲ ਦੇ ਪ੍ਰਬੰਧਾਂ ਬਾਰੇ ਜਾਣਕਾਰੀ ਲਈ। ਇਸ ਤੋਂ ਇਲਾਵਾ ਸਮੂਹ ਖਰੀਦ ਕੇਂਦਰਾਂ @ਤੇ ਸਟਾਫ਼ ਦੀ ਤਾਇਨਾਤੀ ਸਮੇਂ ਸਿਰ ਕਰਨ ਦੀ ਹਦਾਇਤ ਵੀ ਜਾਰੀ ਕੀਤੀ। ਡਿਪਟੀ ਕਮਿਸ਼ਨਰ ਨੇ ਮੀਟਿੰਗ ਵਿੱਚ ਜ਼ਿਲ੍ਹਾ ਮੰਡੀ ਅਫ਼ਸਰ ਲੁਧਿਆਣਾ ਨੂੰ ਜ਼ਿਲ੍ਹਾ ਦੇ ਸਾਰੇ ਖ੍ਰੀਦ ਕੇਂਦਰਾਂ ਵਿਖੇ ਸਾਫ਼-ਸਫ਼ਾਈ ਅਤੇ ਹੋਰ ਲੋੜੀਂਦੇ ਪ੍ਰਬੰਧ ਸੀਜਨ ਸ਼ੁਰੂ ਹੋਣ ਤੋਂ ਪਹਿਲਾਂ ਪਹਿਲਾਂ ਮੁਕੰਮਲ ਕਰਨ ਦੀ ਹਦਾਇਤ ਕੀਤੀ। ਉਨ੍ਹਾਂ ਸਮੂਹ ਐਸ.ਡੀ.ਐਮਜ਼ ਨੂੰ ਆਪਣੇ ਆਪਣੇ ਖੇਤਰ ਅਧੀਨ ਆਉਂਦੀਆਂ ਮੰਡੀਆਂ ਅਤੇ ਖ੍ਰੀਦ ਪ੍ਰਬੰਧਾਂ ਬਾਰੇ ਨਿਗਰਾਨੀ ਰੱਖਣ ਦੀ ਅਪੀਲ ਵੀ ਕੀਤੀ। ਜ਼ਿਲਾ ਖੁਰਾਕ ਅਤੇ ਸਪਲਾਈ ਕੰਟਰੋਲਰ ਸ੍ਰੀਮਤੀ ਹਰਵੀਨ ਕੌਰ ਨੇ ਦੱਸਿਆ ਕਿ ਕਣਕ ਦੀ ਸਰਕਾਰੀ ਖਰੀਦ ਲਈ ਜ਼ਿਲਾ ਲੁਧਿਆਣਾ ਵਿੱਚ 109 ਸਰਕਾਰੀ ਖਰੀਦ ਕੇਂਦਰ ਨਿਰਧਾਰਤ ਕੀਤੇ ਗਏ ਹਨ। ਇਸ ਤੋਂ ਇਲਾਵਾ ਕੁਝ ਆਰਜੀ ਖਰੀਦ ਕੇਂਦਰ ਸਥਾਪਿਤ ਕੀਤੇ ਜਾਣ ਦੀ ਤਜਵੀਜ ਵੀ ਸਰਕਾਰ ਨੂੰ ਭੇਜੀ ਜਾ ਚੁੱਕੀ ਹੈ। ਇਸ ਮੌਕੇ ਉਨ੍ਹਾਂ ਨਾਲ ਹੋਰਨਾ ਤੋ ਇਲਾਵਾ ਜ਼ਿਲ੍ਹਾ ਮੰਡੀ ਅਫ਼ਸਰ ਸ੍ਰੀ ਦਵਿੰਦਰ ਸਿੰਘ, ਡੀ.ਐਮ. ਮਾਰਕਫੈਡ ਸ੍ਰੀ ਸੰਜੀਵ ਚੋਪੜਾ, ਡੀ.ਐਮ. ਪੀ.ਐਸ.ਡਬਲਿਯੂ.ਸੀ. ਸ੍ਰੀ ਐਮ.ਪੀ. ਸਿੰਘ, ਡਿਪਟੀ ਡੀ.ਐਮ. ਪਨਸਪ ਸ੍ਰੀ ਅਕਸ਼ੈ ਕਮੁਾਰ, ਡੀ.ਐਮ. ਐਫ.ਸੀ.ਆਈ. ਦੇਬਾਨੰਦ ਕਾਲੀਕਰ ਅਤੇ ਸਮੂਹ ਖ੍ਰੀਦ ਏਜੰਸੀਆਂ ਦੇ ਜ਼ਿਲ੍ਹਾ ਮੈਨੇਜਰ ਹਾਜ਼ਰ ਸਨ।

# ਸੀ.ਪੀ.ਐਫ.ਕਰਮਚਾਰੀ ਯੂਨੀਅਨ ਵੱਲੋਂ ਵਿਧਾਇਕ ਹਾਕਮ ਸਿੰਘ ਠੇਕੇਦਾਰ ਨੂੰ ਦਿੱਤਾ ਗਿਆ ਵਾਅਦਾ ਯਾਦ ਦਿਵਾਉ ਮੰਗ ਪੱਤਰ



**ਰਾਏਕੋਟ/ਗੋਗੀ**

ਸੀ.ਪੀ.ਐਫ.ਕਰਮਚਾਰੀ ਯੂਨੀਅਨ ਵੱਲੋਂ ਉਲੀਕੇ ਗਏ ਪ੍ਰੋਗਰਾਮ ਤਹਿਤ ਅੱਜ ਹਾਕਮ ਸਿੰਘ ਠੇਕੇਦਾਰ ਐਮ.ਐਲ.ਏ ਹਲਕਾ ਰਾਏਕੋਟ ਨੂੰ ਸੀ.ਪੀ.ਐਫ.ਕਰਮਚਾਰੀ ਯੂਨੀਅਨ ਜਿਲ੍ਹਾ ਲੁਧਿਆਣਾ ਦੇ ਚੇਅਰਮੈਨ ਜਗਤਾਰ ਸਿੰਘ ਰਾਜੋਆਣਾ ਦੀ ਅਗਵਾਈ ਹੇਠ ਵਾਅਦਾ ਯਾਦ ਦਿਵਾਉ ਮੰਗ ਪੱਤਰ ਦਿੱਤਾ ਗਿਆ। ਇਸ ਮੌਕੇ ਜਗਤਾਰ ਸਿੰਘ ਰਾਜੋਆਣਾ ਵੱਲੋਂ ਵਿਧਾਇਕ ਹਾਕਮ ਸਿੰਘ ਠੇਕੇਦਾਰ ਨਾਲ ਗੱਲਬਾਤ ਕਰਦੇ ਹੋਏ ਕਿਹਾ ਗਿਆ ਕਿ ਪੁਰਾਣੀ ਪੈਨਸ਼ਨ ਸਕੀਮ ਨੂੰ ਰਾਜਸਥਾਨ ਅਤੇ ਛਤੀਸਗੜ੍ਹ ਸਰਕਾਰ ਵੱਲੋਂ ਪਹਿਲਾ ਹੀ ਲਾਗੂ ਕਰ ਦਿੱਤਾ ਗਿਆ ਹੈ। ਇਸ ਮੌਕੇ ਵਿਧਾਇਕ ਹਾਕਮ ਸਿੰਘ ਠੇਕੇਦਾਰ ਰਾਏਕੋਟ ਵੱਲੋਂ ਜੱਥੇਬੰਦੀ ਦੀ ਮੰਗ ਨਾਲ ਪੂਰਨ ਭਰੋਸਾ ਜਤਾਇਆ ਗਿਆ ਅਤੇ ਕਿਹਾ ਕਿ ਸਾਡੇ ਵੱਲੋਂ ਜਲਦੀ ਹੀ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨਾਲ ਗੱਲਬਾਤ ਕਰਕੇ ਜਿੱਥੇ ਇਹ ਮਾਮਲਾ ਉਨ੍ਹਾਂ ਦੇ ਧਿਆਨ ਵਿੱਚ ਲਿਆਂਦਾ ਜਾਵੇਗਾ ਉੱਥੇ ਹੀ ਇਸ ਮਸਲੇ ਦਾ ਹੱਲ ਜਲਦੀ ਕਰਵਾਇਆ ਜਾਵੇਗਾ। ਇਸ ਮੌਕੇ ਧਰਮ ਸਿੰਘ ,ਹਰਜਿੰਦਰ ਸਿੰਘ,ਸਿੰਗਾਰਾ ਸਿੰਘ ,ਜਗਨ ਸਿੰਘ,ਭਾਰਤ ਭੂਸ਼ਣ,ਵਿਕਰਾਂਤ ਕੌੜਾ,ਪਵਨ ਕੁਮਾਰ,ਪ੍ਰਿਤਪਾਲ ਸਿੰਘ,ਜਸਵੀਰ ਸਿੰਘ ਗਰੇਵਾਲ,ਰਵਿੰਦਰਪਾਲ ਸਿੰਘ ਢਿੱਲੋਂ,ਜਸਵੀਰ ਸਿੰਘ ਰਾਏਕੋਟ,ਬਲਵਿੰਦਰ ਸਿੰਘ,ਰਾਕੇਸ ਕੁਮਰ ਮਿੱਤਲ, ਪਾਰਸ ਜੈਨ ਹਾਜਰ ਸਨ।

# ਹਲਕਾ ਵਿਧਾਇਕ ਹਾਕਮ ਸਿੰਘ ਠੇਕੇਦਾਰ ਨੇ ਕੀਤਾ ਸ਼ਹਿਰ 'ਚ ਧੰਨਵਾਦੀ ਦੌਰਾ



**ਰਾਏਕੋਟ/ਗੋਗੀ**

ਆਮ ਆਦਮੀ ਪਾਰਟੀ ਦੇ ਵਿਧਾਇਕ ਹਾਕਮ ਸਿੰਘ ਠੇਕੇਦਾਰ ਵੱਲੋਂ ਜਿੱਤਣ ਤੋਂ ਬਾਅਦ ਅੱਜ ਆਪਣੇ ਹਲਕਾ ਰਾਏਕੋਟ ਦੇ ਬਜਾਰਾਂ ਵਿੱਚ ਲੋਕਾਂ ਦਾ ਧੰਨਵਾਦ ਕਰਦੇ ਕਿਹਾ ਗਿਆ ਕਿ ਉਹ ਲੋਕਾਂ ਨਾਲ ਕੀਤੇ ਵਾਅਦਿਆਂ ਉਤੇ ਪੂਰਾ ਉਤਰਨਗੇ ਅਤੇ ਸਭ ਤੋ ਪਹਿਲਾਂ ਨਸ਼ੇ ਦੇ ਖਾਤਮੇ ਲਈ ਉਪਰਾਲਾ ਕਰਨਗੇ। ਉਨ੍ਹਾਂ ਕਿਹਾ ਕਿ ਹਲਕੇ ਦੇ ਲੋਕਾਂ ਨੇ ਜੋ ਮਾਣ ਸਨਮਾਨ ਦਿੱਤਾ ਹੈ ਮੈਂ ਹਲਕੇ ਦੇ ਲੋਕਾਂ ਦਾ ਹਮੇਸ਼ਾ ਕਰਜ਼ਦਾਰ ਰਹਾਂਗਾ। ਉਹਨਾਂ ਕਿਹਾ ਕਿ ਜੋ ਵੀ ਹਲਕੇ ਦੇ ਲੋਕਾਂ ਨੂੰ ਉਨ੍ਹਾਂ ਤੋਂ ਉਮੀਦਾਂ ਹਨ ਤੇ ਮੈਂ ਉਹਨਾਂ ਉਮੀਦਾਂ ਤੇ ਹਮੇਸ਼ਾ ਖਰਾ ਉਤਰਾਂਗਾ। ਉਹਨਾਂ ਅੱਗੇ ਕਿਹਾ ਕਿ ਮੇਰਾ ਪਹਿਲਾ ਕੰਮ ਹੋਵੇਗਾ ਕਿ ਅੱਜ ਨੌਜਵਾਨ ਪੀੜੀ ਨਸ਼ਿਆਂ ਵਿੱਚ ਜਿੰਦਗੀਆਂ ਬਰਬਾਦ ਕਰ ਰਹੀ ਸਭ ਤੋਂ ਪਹਿਲਾ ਪ੍ਰਸ਼ਾਸ਼ਨ ਅਤੇ ਲੋਕਾਂ ਦੇ ਸਹਿਯੋਗ ਨਾਲ ਨਸ਼ੇ ਵੇਚਣ ਵਾਲਿਆਂ ਨੂੰ ਸਮਝਾਇਆ ਜਾਵੇਗਾ ਜੇ ਨਾ ਸਮਝੇ ਤਾਂ ਸਖਤੀ ਨਾਲ ਪੇਸ਼ ਆਇਆ ਜਾਵੇਗਾ। ਦੂਸਰਾ ਕੰਮ ਪਿਛਲੇ ਸਮੇਂ ਲੋਕਾਂ ਨੂੰ ਮਿਲਣ ਵਾਲੀਆਂ ਸਹੂਲਤਾਂ ਜੋ ਵੀ ਜੇਕਰ ਬੰਦ ਕੀਤੀਆਂ ਗਈਆਂ ਸਨ ਉਨ੍ਹਾਂ ਦੀ ਪੜਤਾਲ ਕਰਵਾ ਕੇ ਦੁਬਾਰਾ ਤੋਂ ਬਹਾਲ ਕੀਤੀਆਂ ਜਾਣਗੀਆਂ। ਉਹਨਾਂ ਇਸ ਦੌਰਾਨ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਵੱਲੋਂ ਲਿਆ ਗਿਆ 35 ਹਜ਼ਾਰ ਮੁਲਾਜ਼ਮਾਂ ਨੂੰ ਪੱਕੇ ਕਰਨ ਦਾ ਅਤੇ ਇੱਕ ਵਿਧਾਇਕ ਤੇ ਇੱਕ ਪੈਨਸ਼ਨ ਦਾ ਫੈਸਲਾ ਇਤਿਹਾਸਕ ਫੈਸਲਾ ਹੈ। ਉਹਨਾਂ ਕਿਹਾ ਕਿ ਸੂਬੇ ਦੇ ਮੁੱਖ ਮੰਤਰੀ ਇਕ ਮਿਲਣਸਾਰ ਅਤੇ ਇਮਾਨਦਾਰ ਸਖਸ਼ੀਅਤ ਹਨ ਅਤੇ ਉਨ੍ਹਾਂ ਨੇ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੀਆਂ ਸਮੂਹ ਪਾਰਟੀਆਂ ਨੂੰ ਪਹਿਲ ਦੇ ਆਧਾਰ 'ਤੇ ਅਹਿਮੀਅਤ ਦੇ ਕੇ ਸਮੁੱਚੇ ਸਦਨ ਦਾ ਦਿਲ ਜਿੱਤਿਆ ਹੈ। ਉਨ੍ਹਾਂ ਅੱਗੇ ਕਿਹਾ ਕਿ 35 ਹਜ਼ਾਰ ਮੁਲਾਜ਼ਮ ਸਮਾਜ ਦੇ ਹਰ ਵਰਗ ਅਤੇ ਹਰ ਪਾਰਟੀ ਨਾਲ ਸਬੰਧਤ ਹਨ, ਜਿਸ ਨਾਲ ਇਸ ਫੈਸਲੇ ਨਾਲ ਸਮੂਹ ਵਰਗ ਵਿਚ ਖੁਸ਼ੀ ਦੀ ਲਹਿਰ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸਮੂਹ ਪਾਰਟੀਆਂ ਨੂੰ ਨਾਲ ਲੈ ਕੇ ਪ੍ਰਗਤੀਸ਼ੀਲ ਪੰਜਾਬ ਦੀ ਸਥਾਪਨਾ ਕਰਨਗੇ,ਉਨ੍ਹਾਂ ਕਿਹਾ ਕਿ ਆਪ ਦੀ ਸਰਕਾਰ ਬਣਨ ਤੋਂ ਬਾਅਦ ਆਮ ਲੋਕਾਂ ਦੇ ਸਰਕਾਰੀ ਵਿਭਾਗਾਂ ਵਿਚ ਕੰਮ ਸੁਖਾਲੇ ਹੋਣੇ ਸ਼ੁਰੂ ਹੋ ਗਏ ਹਨ ਅਤੇ ਲੋਕਾਂ ਦਾ ਅਫਸਰਸ਼ਾਹੀ ਪ੍ਰਤੀ ਨਜ਼ਰੀਆ ਵੀ ਬਦਲ ਗਿਆ ਹੈ। ਉਹਨਾਂ ਕਿਹਾ ਕਿ ਇੱਕ ਵਿਧਾਇਕ ਦੀ ਇੱਕ ਹੀ ਪੈਨਸ਼ਨ ਦੇ ਫੈਸਲੇ ਨਾਲ ਪਿਛਲੀਆਂ ਸਰਕਾਰਾਂ ਵੱਲੋਂ ਲੁੱਟੇ ਸੂਬੇ ਦੇ ਖਜਾਨੇ ਨੂੰ ਫਿਰ ਤੋਂ ਭਰਿਆ ਜਾਵੇਗਾ। ਇਸ ਮੌਕੇ ਗੁਰਦੇਵ ਬਾਵਾ,ਬਿੰਦਰਜੀਤ ਸਿੰਘ ਗਿੱਲ, ਰਾਜਦੀਪ ਸਿੰਘ ਆਂਡਲੂ, ਬਲਵੰਤ ਸਿੰਘ ਜੰਟਾਂ,ਜਗਤਾਰ ਸਿੰਘ ਤਾਰਾ ਤਲਵੰਡੀ, ਰਾਮ ਕੁਮਾਰ ਛਾਪਾ,ਹਨੀ ਗਿੱਲ, ਸਾਹਿਲ ਗੋਇਲ,ਵਿਪਨ ਡਾਬਰ,ਪ੍ਰਧਾਨ ਰਵਿੰਦਰ ਰਵੀ,ਬਲਵੀਰ ਬੱਲੀ, ਪਾਰਸ ਜੈਨ, ਗੁਰਪ੍ਰੀਤ ਸਿੰਘ, ਸੁਰਜੀਤ ਸਿੰਘ,ਦਲਜੀਤ ਸਿੰਘ ਅਕਾਲਗੜ੍ਹ, ਬਲਵੀਰ ਸਿੰਘ ਮਾਨ, ਬਾਵਾ ਗਿੱਲ, ਕਾਕੂ ਸੁਧਾਰ,ਗੁਰਮਿੰਦਰ ਸਿੰਘ ਤੂਰ, ਜਗਰੂਪ ਧਾਲੀਵਾਲ,ਡਾਕਟਰ ਦੀਪੀ, ਪ੍ਰੀਤ ਰਾਏਕੋਟੀ, ਬੰਟੀ ਰਾਏਕੋਟ,ਸਿਰਾਜ ਮੁਹੰਮਦ ਆਦਿ ਹੋਰ ਵੀ ਹਾਜ਼ਰ ਸਨ।

# ਗੁਰਮੀਤ ਮੁਖੀਜਾ ਨੇ ਦੀਪਿਕਾ ਅਰੋੜਾ ਗੋਲਡ ਮੈਡਲ ਜੇਤੂ ਦਾ ਧਰਮਕੋਟ ਪੁੱਜਣ ਤੇ ਕੀਤਾ ਸਨਮਾਨ



**ਧਰਮਕੋਟ/ਦਵਿੰਦਰ ਸਿੰਘ ਬਿੱਟੂ**

ਇੰਡੀਅਨ ਪਾਵਰ ਵੇਟ ਲਿਫਟਿੰਗ ਮੁਕਾਬਲਾ 2022 ਜੋ ਕਿ ਗੁਜਰਾਤ ਦੇ ਸੂਰਤ ਸ਼ਹਿਰ ਵਿੱਚ ਪਿਛਲੇ ਦਿਨੀਂ ਹੋਇਆ ਇਸ ਮੁਕਾਬਲੇ ਵਿੱਚ ਮਾਸਟਰ ਕੇਡਰ ਵਿੱਚ ਭਾਗ ਲੈਂਦੇ ਹੋਏ ਧਰਮਕੋਟ ਦੀ ਵਸਨੀਕ ਦੀਪਿਕਾ ਅਰੋੜਾ ਪਤਨੀ (ਨਰੇਸ਼ ਕੁਮਾਰ ਮੁਨਸ਼ੀ ਸਾਈਕਲ ਸਟੋਰ) ਧਰਮਕੋਟ ਨੇ ਪਹਿਲਾ ਸਥਾਨ ਹਾਸਲ ਕਰਕੇ ਗੋਲਡ ਮੈਡਲ ਪ੍ਰਾਪਤ ਕੀਤਾ ਹੈ। ਦੀਪਿਕਾ ਅਰੋੜਾ ਦਾ ਅੱਜ ਧਰਮਕੋਟ ਪੁੱਜਣ ਤੇ ਆਮ ਆਦਮੀ ਪਾਰਟੀ ਦੇ ਸੀਨੀਆਰ ਆਗੂ ਗੁਰਮੀਤ ਮੁਖੀਜਾ ਅਤੇ ਉਨ੍ਹਾਂ ਦੇ ਸਾਥੀਆਂ ਨੇ ਨਿੱਘਾ ਸਵਾਗਤ ਕਰਦੇ ਹੋਏ ਉਨ੍ਹਾਂ ਨੂੰ ਨੋਟਾਂ ਦੇ ਅਤੇ ਫੁੱਲਾਂ ਦੇ ਹਾਰ ਪਾ ਕੇ ਸਨਮਾਨਤ ਕੀਤਾ । ਉਨ੍ਹਾਂ ਨੂੰ ਸਨਮਾਨਤ ਕਰਨ ਵਾਲਿਆਂ ਵਿਚ ਕੌਂਸਲਰ ਬਲਰਾਜ ਕਲਸੀ ,ਅਸ਼ੋਕ ਕੁਮਾਰ ਖੁੱਲਰ, ਸੀਨੀਅਰ ਆਗੂ ਆਮ ਆਦਮੀ ਪਾਰਟੀ ਰਾਜੂ ਮੁਖੀਜਾ, ਡਾ ਸਰਤਾਜ ਸਿੰਘ, ਗੁਰਨਾਮ ਸਿੰਘ, ਰਾਜਾ ਬੱਤਰਾ,ਗੱਗੂ ਮਖੀਜਾ , ਸਰਪੰਚ ਜੱਜ ਸਿੰਘ, ਸਰਪੰਚ ਹਰਨੇਕ ਸਿੰਘ, ਆਇਰਨ ਜਿਮ ਦੇ ਮਾਲਕ ਹਰਦੀਪ ਸਿੰਘ ਕਾਹਲੋਂ,, ਕੋਚ ਗੁਰਮੀਤ ਸਿੰਘ, ਅਤੇ ਗੁਰਪ੍ਰੀਤ ਸਿੰਘ ਸੋਨੀ,, ਬੂਟਾਂ ਲੋਟਾ, ਸੰਗਮ ਲੋਟਾ, ਗੌਤਮ ਲੋਟਾ, ਸੋਨੂੰ ਲੋਟਾ, ਕੁਲਦੀਪ ਲੋਟਾ,, ਅੰਗਰੇਜ਼ ਲੋਟਾ, ਲਾਡੀ ਲੋਟਾ, ਹਨੀ ਬਜਾਜ, ਅਜੇ ਬਜਾਜ, ਮਨੀ ਮੋਗਾ (ਕਲੇਰ ਕੰਪਲੈਕਸ) ਗੱਗੂ ਲੋਟਾ, ਬੱਬੂ ਖੇੜਾ, ਘੈਟ ਸੰਧੂ ਘੈਟ ਸੋਨੀ ,ਮਨਪ੍ਰੀਤ ਸੱਧਰਾਂ, ਤੋਂ ਇਲਾਵਾ ਵੱਡੀ ਗਿਣਤੀ ਵਿਚ ਸ਼ਹਿਰ ਵਾਸੀ ਹਾਜ਼ਰ ਸਨ ।ਇਸ ਸਮੇਂ ਗੋਲਡ ਮੈਡਲ ਜੇਤੂ ਦੀਪਿਕਾ ਅਰੋੜਾ ਨੂੰ ਸ਼ਹਿਰ ਵਿੱਚ ਇਕ ਕਾਫਲੇ ਦੀ ਸ਼ਕਲ ਵਿੱਚ ਘੁਮਾਇਆ ਗਿਆ ਜਿਸ ਦੌਰਾਨ ਸ਼ਹਿਰ ਵਾਸੀਆਂ ਨੇ ਥਾਂ ਥਾਂ ਉਪਰ ਰੋਕ ਕੇ ਫੁੱਲਾਂ ਦੇ ਹਾਰ ਪਾ ਕੇ ਸਨਮਾਨਿਤ ਕੀਤਾ ।ਇਸ ਮੌਕੇ ਗੁਰਮੀਤ ਮੁਖੀਜਾ ਨੇ ਕਿਹਾ ਕਿ ਦੀਪਿਕਾ ਅਰੋੜਾ ਨੇ ਆਪਣੀ ਅਣਥੱਕ ਮਿਹਨਤ ਲਗਨ ਅਤੇ ਪਰਿਵਾਰ ਦੇ ਸਹਿਯੋਗ ਕਾਰਨ ਹੀ ਇਹ ਮੁਕਾਮ ਹਾਸਿਲ ਕੀਤਾ ਹੈ।ਧਰਮਕੋਟ ਵਿਚ ਗੋਲਡ ਮੈਡਲ ਲਿਆਉਣ ਵਾਲੇ ਉਹ ਪਹਿਲੇ ਖਿਲਾੜੀ ਹਨ ਜੋ ਕਿ ਧਰਮਕੋਟ ਲਈ ਮਾਣ ਵਾਲੀ ਗੱਲ ਹੈ ਜਿਸ ਲਈ ਸਮੂਹ ਲੋਟਾ ਪਰਿਵਾਰ ਵਧਾਈ ਦਾ ਪਾਤਰ ਹੈ ਇਸ ਮੌਕੇ ਦੀਪਿਕਾ ਅਰੋੜਾ ਨੇ ਕਿਹਾ ਕਿ ਅਜੋਕੀ ਨੌਜਵਾਨ ਪੀੜ੍ਹੀ ਨੂੰ ਪੜ੍ਹਾਈ ਦੇ ਨਾਲ ਨਾਲ ਖੇਡਾਂ ਵੱਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ ਅਤੇ ਨਸ਼ਿਆਂ ਤੋਂ ਰਹਿਤ ਹੋ ਕੇ ਆਪਣਾ ਅਤੇ ਆਪਣੇ ਪਰਿਵਾਰਾਂ ਦਾ ਖੇਡਾਂ ਵਿੱਚ ਨਾਮ ਚਮਕਾਉਣਾ ਚਾਹੀਦਾ ਹੈ ਇਸ ਮੌਕੇ ਉਨ੍ਹਾਂ ਨੇ ਆਪਣਾ ਸਨਮਾਨ ਕਰਨ ਤੇ ਸਮੂਹ ਸ਼ਹਿਰ ਵਾਸੀਆਂ ਅਤੇ ਆਮ ਆਦਮੀ ਪਾਰਟੀ ਦੇ ਸੀਨੀਅਰ ਲੀਡਰਾਂ ਦਾ ਕੋਟੀ ਕੋਟੀ ਧੰਨਵਾਦ ਕੀਤਾ ।ਇਸ ਮੌਕੇ ਆਇਰਨ ਜ਼ੈਮ ਦੇ ਸੰਚਾਲਕ ਹਰਦੀਪ ਸਿੰਘ ਕਾਹਲੋਂ ਨੇ ਕਿਹਾ ਕਿ ਸਾਡੇ ਜ਼ੈਮ ਵਿੱਚ ਸਿੱਖਿਅਤ ਹੋ ਕੇ ਗੋਲਡ ਮੈਡਲ ਲਿਆਉਣ ਵਾਲੇ ਦੀਪਿਕਾ ਅਰੋੜਾ ਪਹਿਲੇ ਖਿਡਾਰੀ ਹਨ ਜਿਸ ਕਾਰਨ ਸਾਨੂੰ ਬੇਹੱਦ ਖੁਸ਼ੀ ਹੋ ਰਹੀ ਹੈ ਅਤੇ ਅਸੀਂ ਆਸ ਕਰਦੇ ਹਾਂ ਕਿ ਸਾਡੇ ਜ਼ੈਮ ਵਿਚ ਸਿੱਖਿਆ ਲੈਣ ਵਾਲੇ ਹੋਰ ਖਿਲਾੜੀ ਵੀ ਉਨ੍ਹਾਂ ਨੂੰ ਦੇਖ ਕੇ ਚੰਗਾ ਪ੍ਰਦਰਸ਼ਨ ਕਰਨਗੇ । ਇਸ ਮੌਕੇ ਆਇਰਨ ਜੈਮ ਵਿੱਚ ਵੀ ਦੀਪਿਕਾ ਅਰੋੜਾ ਦਾ ਸਨਮਾਨ ਕੀਤਾ ਗਿਆ ।

# ਵਿਧਾਇਕ ਜਗਦੀਪ ਕੰਬੋਜ ਗੋਲਡੀ ਪੁੱਜੇ ਅਰਨੀਵਾਲਾ, ਲੋਕਾਂ ਨੇ ਲੱਡੂ ਵੰਡ ਕੇ ਮਨਾਈ ਖੁਸ਼ੀ





**ਜਲਾਲਾਬਾਦ/ਗੌਰਵ ਸ਼ਰਮਾ**

ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਅਤੇ ਜਲਾਲਾਬਾਦ ਤੋਂ ਵਿਧਾਇਕ ਜਗਦੀਪ ਕੰਬੋਜ ਗੋਲਡੀ ਦੀ ਜਿੱਤ ਦੀ ਖੁਸ਼ੀ ਵਿਚ ਅੱਜ ਆਮ ਆਦਮੀ ਪਾਰਟੀ ਹਲਕਾ ਜਲਾਲਾਬਾਦ ਦੀ ਸਮੁੱਚੀ ਟੀਮ ਵੱਲੋਂ ਗੁਰਦੁਆਰਾ ਸ੍ਰੀਮਾਨ 108ਸੰਤ ਬਾਬਾ ਤਾਰਾ ਸਿੰਘ ਜੀ ਖੁਸ਼ਦਿਲ ਡੇਰਾ ਅਰਨੀਵਾਲਾ ਵਿਖੇ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰਵਾਇਆ ਗਿਆ .। ਇਸ ਮੌਕੇ ਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵਿਧਾਇਕ ਜਗਦੀਪ ਕੰਬੋਜ ਗੋਲਡੀ ਦਾ ਸਨਮਾਨ ਕੀਤਾ ਗਿਆ ਅਤੇ ਵਿਧਾਇਕ ਜਗਦੀਪ ਕੰਬੋਜ ਗੋਲਡੀ ਨੇ ਇਸ ਸਨਮਾਨ ਦੇ ਲਈ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਤਹਿ ਦਿਲੋਂ ਧੰਨਵਾਦ ਕੀਤਾ। ਇਸ ਤੋਂ ਬਾਅਦ ਵਿਧਾਇਕ ਜਗਦੀਪ ਕੰਬੋਜ ਗੋਲਡੀ ਨੇ ਅਰਨੀਵਾਲਾ ਦੇ ਦਫਤਰ ਵਿਖੇ ਲੋਕਾਂ ਨਾਲ ਮੁਲਾਕਾਤ ਕੀਤੀ ਅਤੇ ਖੁਸ਼ੀ ਸਾਂਝੀ ਕੀਤੀ। ਇਸ ਮੌਕੇ ਤੇ ਅਰਨੀਵਾਲਾ ਦੇ ਲੋਕਾਂ ਵੱਲੋਂ ਲੱਡੂ ਵੰਡ ਕੇ ਖੁਸ਼ੀ ਮਨਾਈ ਗਈ । ਇਸ ਮੌਕੇ ਤੇ ਵਿਧਾਇਕ ਜਗਦੀਪ ਕੰਬੋਜ ਗੋਲਡੀ ਨੇ ਸਮੁੱਚੇ ਹਲਕਾ ਜਲਾਲਾਬਾਦ ਵਾਸੀਆਂ ਦਾ ਧੰਨਵਾਦ ਕੀਤਾ ਇਸ ਮੌਕੇ ਮੁੱਖ ਸੇਵਾਦਾਰ ਬਾਬਾ ਪ੍ਰੇਮ ਸਿੰਘ ਜੀ ਭਾਈ ਮੋਹਨ ਸਿੰਘ ਭਾਈ ਸੋਹਣ ਸਿੰਘ ਅਤੇ ਆਮ ਆਦਮੀ ਪਾਰਟੀ ਦੀ ਸਮੁੱਚੀ ਟੀਮ ਹਾਜਰ ਰਹੀ ।

Website : www.lokbani.com
lokbani08@gmail.com

# ਵਿਦਿਆਰਥੀਆਂ ਦੇ ਵਫ਼ਦ ਨੇ ਡਿਪਟੀ ਕਮਿਸ਼ਨਰ ਨਾਲ ਮੁਲਾਕਾਤ ਕਰਕੇ ਮੰਗ ਪੱਤਰ ਸੌਂਪਿਆ



**ਲੁਧਿਆਣਾ/ਕਰਨ ਅਗਰਵਾਲ**

ਵਿਧਾਇਕ ਸ੍ਰੀ ਮਦਨ ਲਾਲ ਬੱਗਾ ਅਤੇ ਗੁਰਪ੍ਰੀਤ ਬੱਸੀ ਗੋਗੀ ਨੇ ਅੱਜ ਭਰੋਸਾ ਦਿੱਤਾ ਕਿ ਉਹ ਯੂਕਰੇਨ ਤੋਂ ਪਰਤੇ ਐਮ.ਬੀ.ਬੀ.ਐਸ. ਵਿਦਿਆਰਥੀਆਂ ਦਾ ਮੁੱਦਾ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਕੋਲ ਪਹਿਲ ਦੇ ਆਧਾਰ 'ਤੇ ਚੁੱਕਣਗੇ।

ਵਿਦਿਆਰਥੀਆਂ ਦਾ ਇੱਕ ਵਫ਼ਦ ਅੱਜ ਡਿਪਟੀ ਕਮਿਸ਼ਨਰ ਲੁਧਿਆਣਾ ਸ੍ਰੀ ਵਰਿੰਦਰ ਕੁਮਾਰ ਸ਼ਰਮਾ ਨੂੰ ਮਿਲਿਆ ਅਤੇ ਆਪਣੀਆਂ ਮੰਗਾਂ ਸਬੰਧੀ ਮੰਗ ਪੱਤਰ ਸੌਂਪਿਆ। ਇਸ ਮੌਕੇ ਦੋਵੇਂ ਵਿਧਾਇਕ ਵੀ ਮੌਜੂਦ ਸਨ।

ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਵਿਧਾਇਕ ਸ੍ਰੀ ਮਦਨ ਲਾਲ ਬੱਗਾ ਅਤੇ ਸ੍ਰੀ ਗੁਰਪ੍ਰੀਤ ਬੱਸੀ ਗੋਗੀ ਨੇ ਦੱਸਿਆ ਕਿ ਐਮ.ਬੀ.ਬੀ.ਐਸ. ਦੇ ਵੱਡੀ ਗਿਣਤੀ ਵਿਦਿਆਰਥੀ, ਜਿਨ੍ਹਾਂ ਨੂੰ ਚੱਲ ਰਹੀ ਜੰਗ ਕਾਰਨ ਯੂਕਰੇਨ ਤੋਂ ਆਪਣੇ ਵਤਨ ਭਾਰਤ ਪਰਤਣਾ ਪਿਆ ਹੈ, ਨੇ ਆਪਣੇ ਕੁਝ ਮਸਲਿਆਂ ਸਬੰਧੀ ਉਨ੍ਹਾਂ ਨਾਲ ਸੰਪਰਕ ਕੀਤਾ ਸੀ। ਉਨ੍ਹਾਂ ਕਿਹਾ ਕਿ ਵਿਦਿਆਰਥੀ ਚਾਹੁੰਦੇ ਹਨ ਕਿ ਪੰਜਾਬ ਦੇ ਮੈਡੀਕਲ ਕਾਲਜਾਂ ਵਿੱਚ ਦਾਖ਼ਲੇ ਲਈ ਸਰਕਾਰ ਉਨ੍ਹਾਂ ਦੀ ਮਦਦ ਕਰੇ। ਉਨ੍ਹਾਂ ਵਿਦਿਆਰਥੀਆਂ ਨੂੰ ਭਰੋਸਾ ਦਿੱਤਾ ਕਿ ਉਹ ਇਹ ਮਾਮਲਾ ਮੁੱਖ ਮੰਤਰੀ ਕੋਲ ਪਹਿਲ ਦੇ ਆਧਾਰ 'ਤੇ ਉਠਾਉਣਗੇ।

ਵਿਧਾਇਕਾਂ ਨੇ ਭਰੋਸਾ ਦਿਵਾਇਆ, ÷ਇਹ ਬੱਚੇ ਸਾਡੇ ਧੀਆਂ-ਪੁੱਤਰ ਹਨ ਅਤੇ ਅਸੀਂ ਇਨ੍ਹਾਂ ਨੂੰ ਭਰੋਸਾ ਦਿੰਦੇ ਹਾਂ ਕਿ ਉਨ੍ਹਾਂ ਨੂੰ ਇੱਥੋਂ ਦੇ ਮੈਡੀਕਲ ਕਾਲਜਾਂ ਵਿੱਚ ਢੁਕਵੇਂ ਢੰਗ ਨਾਲ ਐਡਜਸਟ ਕੀਤਾ ਜਾਵੇਗਾ।ਡਿਪਟੀ ਕਮਿਸ਼ਨਰ ਸ੍ਰੀ ਵਰਿੰਦਰ ਕੁਮਾਰ ਸ਼ਰਮਾ ਨੇ ਭਰੋਸਾ ਦਿੱਤਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਉਨ੍ਹਾਂ ਦਾ ਮੰਗ ਪੱਤਰ ਮਾਣਯੋਗ ਮੁੱਖ ਮੰਤਰੀ ਪੰਜਾਬ ਨੂੰ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਵੇਗਾ। ਵਿਦਿਆਰਥੀਆਂ ਨੇ ਵਿਧਾਇਕਾਂ ਅਤੇ ਡਿਪਟੀ ਕਮਿਸ਼ਨਰ ਦਾ ਉਨ੍ਹਾਂ ਨਾਲ ਗੱਲਬਾਤ ਕਰਨ ਅਤੇ ਸਕਾਰਾਤਮਕ ਨਤੀਜੇ ਦਾ ਭਰੋਸਾ ਦੇਣ ਲਈ ਧੰਨਵਾਦ ਕੀਤਾ।

# ਆਂਗਣਵਾੜੀ ਵਰਕਰਾਂ ਵੱਲੋਂ ਹਲਕਾ ਵਿਧਾਇਕ ਦਵਿੰਦਰਜੀਤ ਸਿੰਘ ਲਾਡੀ ਢੋਸ ਨੂੰ ਕੀਤਾ ਗਿਆ ਸਨਮਾਨਿਤ ਅਤੇ ਦਿੱਤੀ ਜਿੱਤ ਦੀ ਵਧਾਈ





**ਧਰਮਕੋਟ/ਦਵਿੰਦਰ ਸਿੰਘ ਬਿੱਟੂ:-** ਆਮ ਆਦਮੀ ਪਾਰਟੀ ਨੇ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ 92 ਸੀਟਾਂ ਜਿੱਤ ਕੇ ਹੂੰਝਾ ਫੇਰ ਜਿੱਤ ਪ੍ਰਾਪਤ ਕੀਤੀ ਹੈ। ਆਮ ਆਦਮੀ ਪਾਰਟੀ ਦੀ ਪੰਜਾਬ ਵਿੱਚ ਸਰਕਾਰ ਬਣਨ ਤੇ ਹਰ ਮਹਿਕਮੇ ਦੇ ਮੁਲਾਜ਼ਮਾਂ ਵਿਚ ਖ਼ੁਸ਼ੀ ਦੀ ਲਹਿਰ ਦੌੜ ਰਹੀ ਹੈ। ਇਸੇ ਲੜੀ ਤਹਿਤ ਅੱਜ ਹਲਕਾ ਧਰਮਕੋਟ ਤੋਂ ਆਂਗਣਵਾੜੀ ਵਰਕਰਾਂ ਵੱਲੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਦਵਿੰਦਰਜੀਤ ਸਿੰਘ ਲਾਡੀ ਢੋਸ ਨੂੰ ਜਿੱਤ ਪ੍ਰਾਪਤ ਕਰਨ ਅਤੇ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੇ ਵਧਾਈ ਦਿੱਤੀ ਗਈ ਅਤੇ ਵਿਧਾਇਕ ਦਵਿੰਦਰਜੀਤ ਸਿੰਘ ਲਾਡੀ ਢੋਸ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਆਂਗਨਵਾੜੀ ਬਲਾਕ ਪ੍ਰਧਾਨ ਗੁਰਜੀਤ ਕੌਰ ਸੁਰਜੀਤ ਲੋਹਾਰਾ ਮੀਤ ਪ੍ਰਧਾਨ ਕਰਮਜੀਤ ਕੌਰ ਆਂਗਣਵਾੜੀ ਸਰਕਲ ਪ੍ਰਧਾਨ ਰਾਜਵੰਤ ਕੌਰ ਗਲੋਟੀ ਪੂਜਾ ਹਾਂਡਾ ਕੁਲਜੀਤ ਕੌਰ ਆਦਿ ਹਾਜ਼ਰ ਸਨ।

# ਯੂਕਰੇਨ ਤੋਂ ਪਰਤੇ ਐਮਬੀਬੀਐਸ ਵਿਦਿਆਰਥੀਆਂ ਦਾ ਮੁੱਦਾ ਮੁੱਖ ਮੰਤਰੀ ਕੋਲ ਉਠਾਵਾਂਗੇ: ਵਿਧਾਇਕ ਮਦਨ ਲਾਲ ਬੱਗਾ ਅਤੇ ਗੁਰਪ੍ਰੀਤ ਬੱਸੀ ਗੋਗੀ



**ਲੁਧਿਆਣਾ/ਸੁਖਚੈਨ ਮਹਿਰਾ**

ਵਿਧਾਇਕ ਮਦਨ ਲਾਲ ਬੱਗਾ ਅਤੇ ਗੁਰਪ੍ਰੀਤ ਬੱਸੀ ਗੋਗੀ ਨੇ ਅੱਜ ਭਰੋਸਾ ਦਿੱਤਾ ਕਿ ਉਹ ਯੂਕਰੇਨ ਤੋਂ ਪਰਤੇ ਐਮਬੀਬੀਐਸ ਵਿਦਿਆਰਥੀਆਂ ਦਾ ਮੁੱਦਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਕੋਲ ਪਹਿਲ ਦੇ ਆਧਾਰ 'ਤੇ ਉਠਾਉਣਗੇ।

ਵਿਦਿਆਰਥੀਆਂ ਦਾ ਇੱਕ ਵਫ਼ਦ ਅੱਜ ਡਿਪਟੀ ਕਮਿਸ਼ਨਰ ਵਰਿੰਦਰ ਕੁਮਾਰ ਸ਼ਰਮਾ ਨੂੰ ਮਿਲਿਆ ਅਤੇ ਆਪਣੀਆਂ ਮੰਗਾਂ ਸਬੰਧੀ ਮੰਗ ਪੱਤਰ ਸੌਂਪਿਆ। ਇਸ ਮੌਕੇ ਦੋਵੇਂ ਵਿਧਾਇਕ ਵੀ ਮੌਜੂਦ ਸਨ।

ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਵਿਧਾਇਕ ਮਦਨ ਲਾਲ ਬੱਗਾ ਅਤੇ ਗੁਰਪ੍ਰੀਤ ਬੱਸੀ ਗੋਗੀ ਨੇ ਦੱਸਿਆ ਕਿ ਐੱਮਬੀਬੀਐੱਸ ਦੇ ਵੱਡੀ ਗਿਣਤੀ ਵਿਦਿਆਰਥੀ, ਜਿਨ੍ਹਾਂ ਨੂੰ ਚੱਲ ਰਹੀ ਜੰਗ ਕਾਰਨ ਯੂਕਰੇਨ ਤੋਂ ਪਰਤਣਾ ਪਿਆ ਹੈ, ਨੇ ਆਪਣੇ ਕੁਝ ਮਸਲਿਆਂ ਸਬੰਧੀ ਉਨ੍ਹਾਂ ਨਾਲ ਸੰਪਰਕ ਕੀਤਾ ਸੀ। ਉਨ੍ਹਾਂ ਕਿਹਾ ਕਿ ਵਿਦਿਆਰਥੀ ਚਾਹੁੰਦੇ ਹਨ ਕਿ ਪੰਜਾਬ ਦੇ ਮੈਡੀਕਲ ਕਾਲਜਾਂ ਵਿੱਚ ਦਾਖ਼ਲੇ ਲਈ ਸਰਕਾਰ ਉਨ੍ਹਾਂ ਦੀ ਮਦਦ ਕਰੇ। ਉਨ੍ਹਾਂ ਵਿਦਿਆਰਥੀਆਂ ਨੂੰ ਭਰੋਸਾ ਦਿੱਤਾ ਕਿ ਉਹ ਇਹ ਮਾਮਲਾ ਮੁੱਖ ਮੰਤਰੀ ਕੋਲ ਪਹਿਲ ਦੇ ਆਧਾਰ 'ਤੇ ਉਠਾਉਣਗੇ।

ਵਿਧਾਇਕਾਂ ਨੇ ਭਰੋਸਾ ਦਿਵਾਇਆ, ÷ਉਹ ਸਾਡੇ ਪੁੱਤਰ ਅਤੇ ਧੀਆਂ ਹਨ ਅਤੇ ਅਸੀਂ ਉਨ੍ਹਾਂ ਨੂੰ ਭਰੋਸਾ ਦਿੰਦੇ ਹਾਂ ਕਿ ਉਨ੍ਹਾਂ ਨੂੰ ਇੱਥੋਂ ਦੇ ਮੈਡੀਕਲ ਕਾਲਜਾਂ ਵਿੱਚ ਢੁਕਵਾਂ ਢੰਗ ਨਾਲ ਐਡਜਸਟ ਕੀਤਾ ਜਾਵੇਗਾ।

ਡਿਪਟੀ ਕਮਿਸ਼ਨਰ ਵਰਿੰਦਰ ਕੁਮਾਰ ਸ਼ਰਮਾ ਨੇ ਭਰੋਸਾ ਦਿੱਤਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਉਨ੍ਹਾਂ ਦਾ ਮੰਗ ਪੱਤਰ ਮੁੱਖ ਮੰਤਰੀ ਪੰਜਾਬ ਨੂੰ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਵੇਗਾ।

ਵਿਦਿਆਰਥੀਆਂ ਨੇ ਵਿਧਾਇਕਾਂ ਅਤੇ ਡਿਪਟੀ ਕਮਿਸ਼ਨਰ ਦਾ ਉਨ੍ਹਾਂ ਨਾਲ ਗੱਲਬਾਤ ਕਰਨ ਅਤੇ ਸਕਾਰਾਤਮਕ ਨਤੀਜੇ ਦਾ ਭਰੋਸਾ ਦੇਣ ਲਈ ਧੰਨਵਾਦ ਕੀਤਾ।

# ਵਿਧਾਇਕ ਗੁਰਪ੍ਰੀਤ ਬੱਸੀ ਗੋਗੀ ਵੱਲੋਂ ਨਗਰ ਨਿਗਮ ਦੇ ਅਧਿਕਾਰੀਆਂ ਨੂੰ ਨਿਰਦੇਸ਼, ਬੁੱਢੇ ਨਾਲੇ ਦੇ ਕਿਨਾਰਿਆਂ ਦੇ ਸੁੰਦਰੀਕਰਣ ਨੂੰ ਬਣਾਇਆ ਜਾਵੇ ਯਕੀਨੀ



**ਲੁਧਿਆਣਾ/ਸੁਖਚੈਨ ਮਹਿਰਾ,ਕਰਨ ਅੱਗਰਵਾਲ**

ਲੁਧਿਆਣਾ ਪੱਛਮੀ ਤੋਂ ਵਿਧਾਇਕ ਸ੍ਰੀ ਗੁਰਪ੍ਰੀਤ ਬੱਸੀ ਗੋਗੀ ਨੇ ਅੱਜ ਨਗਰ ਨਿਗਮ ਲੁਧਿਆਣਾ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਬੁੱਢੇ ਨਾਲੇ ਦੇ ਸਾਰੇ ਬੰਨ੍ਹਾਂ ਦੀ ਮਜ਼ਬੂਤੀ ਦੇ ਨਾਲ-ਨਾਲ ਇਸਦੇ ਕਿਨਾਰਿਆਂ ?? ਦੇ ਸੁੰਦਰੀਕਰਣ ਨੂੰ ਯਕੀਨੀ ਬਣਾਇਆ ਜਾਵੇ। ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਬੁੱਢੇ ਨਾਲੇ ਦੀ ਸਫ਼ਾਈ ਵਿੱਚ ਤੇਜ਼ੀ ਲਿਆਂਦੀ ਜਾਵੇ ਤਾਂ ਜੋ ਇਸ ਨੂੰ ਬੁੱਢੇ ਦਰਿਆ ਵਿੱਚ ਤਬਦੀਲ ਕੀਤਾ ਜਾ ਸਕੇ ਜਿਸ ਨਾਲ ਇਲਾਕਾ ਵਾਸੀਆਂ ਨੂੰ ਫਾਇਦਾ ਹੋ ਸਕੇ। ਵਿਧਾਇਕ ਸ੍ਰੀ ਗੋਗੀ ਨੇ ਅੱਜ ਨਗਰ ਨਿਗਮ ਦੇ ਸੀਨੀਅਰ ਅਧਿਕਾਰੀਆਂ ਦੇ ਨਾਲ ਸ਼ਹਿਰ ਦੇ ਗੋਪਾਲ ਨਗਰ ਇਲਾਕੇ ਦਾ ਦੌਰਾ ਕੀਤਾ ਅਤੇ ਸਟਾਫ਼ ਨੂੰ ਲੋੜੀਂਦੀਆਂ ਹਦਾਇਤਾਂ ਜਾਰੀ ਕੀਤੀਆਂ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ੍ਰੀ ਗੋਗੀ ਨੇ ਦੱਸਿਆ ਕਿ ਬੁੱਢੇ ਨਾਲੇ ਦਾ ਕਰੀਬ 8 ਕਿਲੋਮੀਟਰ ਦਾ ਹਿੱਸਾ ਉਨ੍ਹਾਂ ਦੇ ਹਲਕਾ ਲੁਧਿਆਣਾ ਪੱਛਮੀ ਵਿੱਚੋਂ ਲੰਘਦਾ ਹੈ। ਉਨ੍ਹਾਂ ਕਿਹਾ ਕਿ ਇਸ ਹਲਕੇ ਦੇ ਲੋਕਾਂ ਨੇ ਉਨ੍ਹਾਂ @ਤੇ ਵਿਸ਼ਵਾਸ਼ ਜਤਾਇਆ ਹੈ ਅਤੇ ਉਨ੍ਹਾਂ ਭਰੋਸਾ ਦਿਵਾਇਆ ਹੈ ਕਿ ਉਹ ਉਨ੍ਹਾਂ ਦੀ ਭਲਾਈ ਲਈ ਤਨਦੇਹੀ ਨਾਲ ਕੰਮ ਕਰਨਗੇ। ਉਨ੍ਹਾਂ ਕਿਹਾ ਕਿ ਠੋਸ ਰਹਿੰਦ ਖੂੰਹਦ ਨੂੰ ਨਾਲੇ ਵਿੱਚ ਨਾ ਡਿੱਗਣ ਨੂੰ ਯਕੀਨੀ ਬਣਾਉਣ ਲਈ ਨਾਲੇ ਦੇ ਨਾਲ ਸਟੈਟਿਕ ਕੰਪੈਕਟਰ ਲਗਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਸੁਰੱਖਿਆ ਦੇ ਮਕਸਦ ਨਾਲ ਨਾਲੇ ਦੇ ਦੋਨਾਂ ਪਾਸੇ ਲੋਹੇ ਦੇ ਜਾਲ ਵੀ ਲਗਾਏ ਜਾ ਰਹੇ ਹਨ। ਇਸ ਮੌਕੇ ਉਨ੍ਹਾਂ ਨਗਰ ਨਿਗਮ ਦੇ ਅਧਿਕਾਰੀਆਂ ਨੂੰ ਇਹ ਵੀ ਹਦਾਇਤ ਕੀਤੀ ਕਿ ਬੁੱਢੇ ਨਾਲੇ 'ਤੇ ਬਣੇ ਸਾਰੇ ਪੁਲਾਂ ਨੂੰ ਮਜ਼ਬੂਤ ਕੀਤਾ ਜਾਵੇ ਅਤੇ ਉਨ੍ਹਾਂ ਦੇ ਬਨੇਰਿਆਂ 'ਤੇ ਲੋਹੇ ਦੇ ਜਾਲ ਲਗਾਏ ਜਾਣ।

# ਨਾਇਬ ਸਿੰਘ ਸੰਘਾ ਨੇ ਹਲਕਾ ਫ਼ਰੀਦਕੋਟ ਤੋਂ ਐੱਮ ਐੱਲ ਏ ਗੁਰਦਿੱਤ ਸਿੰਘ ਸੇਖੋਂ ਨਾਲ ਵਿਸ਼ੇਸ਼ ਮਿਲਣੀ

**ਫ਼ਰੀਦਕੋਟ/ਜਸਵਿੰਦਰ ਬਰਾੜ ਸਾਧਾਂਵਾਲਾ**



ਹਲਕਾ ਫ਼ਰੀਦਕੋਟ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਗੁਰਦਿੱਤ ਸਿੰਘ ਸੇਖੋਂ ਦੀ ਸ਼ਾਨਦਾਰ ਜਿੱਤ ਤੋਂ ਨਾਇਬ ਸਿੰਘ ਸੰਘਾ ਐਡਵੋਕੇਟ ਫ਼ਰੀਦਕੋਟ ਨੇ ਗੁਰਦਿੱਤ ਨੂੰ ਹਲਕਾ ਫ਼ਰੀਦਕੋਟ ਦਾ ਐੱਮ ਐੱਲ ਏ ਬਣਨਾ ਤੇ ਲੱਖ ਲੱਖ ਵਾਰ ਮੁਬਾਰਕਾਂ ਦਿੱਤੀਆਂ ਅਤੇ ਖ਼ੁਸ਼ੀ ਦੇ ਪਲ ਸਾਂਝੇ ਕੀਤੇ ਕਿਹਾ ਹੈ ਕਿ ਜੋ ਵਿਧਾਨ ਸਭਾ ਚੋਣਾਂ ਚ ਆਪ ਦੀ ਸ਼ਾਨਦਾਰ ਅਤੇ ਇਤਿਹਾਸਕ ਜਿੱਤ ਕੇ ਵਧਾਈ ਦਿੰਦਿਆਂ ਕਹਿ ਕੇ ਆਉਣ ਵਾਲੇ ਸਮੇਂ ਆਪ ਪੰਜਾਬ ਚ ਚੋਣਾਂ ਦੌਰਾਨ ਕੀਤੇ ਵਾਅਦੇ ਨੂੰ ਪਹਿਲ ਦੇ ਆਧਾਰ ਤੇ ਪੂਰਾ ਕਰੇਗੀ ਇਸ ਤੋਂ ਇਲਾਵਾ ਪੰਜਾਬ ਵਿੱਚ ਫੈਲੇ ਭ੍ਰਿਸ਼ਟਾਚਾਰ ਅਤੇ ਪਿਛਲੇ ਕਾਲੀ ਕਾਫ਼ੀ ਸਾਲਾਂ ਤੋਂ ਮੰਗਾਂ ਨੂੰ ਲੈ ਕੇ ਅੰਦੋਲਨ ਕਰ ਰਹੇ ਨੌਜਵਾਨ ਮਜ਼ਦੂਰ ਅਤੇ ਕੱਚੇ ਕਾਮਿਆਂ ਨੂੰ ਰੁਜ਼ਗਾਰ ਮੁਹੱਈਆ ਕਰਵਾਉਣ ਲਈ ਇਕ ਨਵਾਂ ਪੰਜਾਬ ਸਿਰਜਿਆ ਜਾਵੇਗਾ।

ਅਦਾਰਾ 'ਲੋਕ ਬਾਣੀ' ਵਿੱਚ ਛਾਪੀਆਂ ਜਾਂਦੀਆਂ ਖ਼ਬਰਾਂ, ਰਿਪੋਰਟਾਂ, ਲੇਖ, ਕਹਾਣੀਆਂ, ਕਵਿਤਾਵਾਂ ਅਤੇ ਹਰ ਕਿਸਮ ਦੇ ਇਸ਼ਤਿਹਾਰਾਂ ਵਿੱਚ ਦਿੱਤੀ ਗਈ ਸੂਚਨਾ, ਵਿਚਾਰ ਆਦਿ ਨਾਲ ਅਖ਼ਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਸ ਅਖ਼ਬਾਰ ਵਿੱਚ ਛਪੇ ਇਸ਼ਤਿਹਾਰ (ਡਿਸਪਲੇ, ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜ਼ਿੰਮੇਵਾਰੀ ਨਹੀਂ ਲੈਂਦੇ ਕਿਉਂਕਿ ਸਾਡਾ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ/ਸ਼ੁੱਭ ਚਿੰਤਕਾਂ ਨੂੰ ਬੇਨਤੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੜਤਾਲ,ਪੁਸ਼ਟੀ ਕਰ ਲੈਣ। -ਸੰਪਾਦਕ

Daily Lok Bani (Punjabi) R.N.I. Punpun 29016,2008 Edior, Owner, Printer, Publisher, Amandeep Mehra Printed at Rachna Printers, Railway Road Jalandhar Place of Publication : 308 Sangam complex Milap Chowk, Jalandhar (India) , Contect No. : 0181-2211009, Fax : 2211009 , Email Id : lokbani08@gmail.com ,

# ਵਿਧਾਇਕ ਅਤੇ ਡਿਪਟੀ ਕਮਿਸ਼ਨਰ ਦੀ ਹਾਜ਼ਰੀ ਵਿੱਚ ਸਿਵਲ ਹਸਪਤਾਲ ਵਿਖੇ ਗੁਰੂ ਰਾਮਦਾਸ ਲੰਗਰ ਸੇਵਾ ਵੱਲੋਂ ਕੀਤੀ ਗਈ ਲੰਗਰ ਛਕਾਉਣ ਦੀ ਸ਼ੁਰੂਆਤ





## ਮਰੀਜ਼ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰ ਬਿਲਕੁਲ ਮੁਫਤ ਵਿੱਚ ਛਕਣਗੇ ਲੰਗਰ

**ਫਾਜ਼ਿਲਕਾ/ਗੌਰਵ ਸ਼ਰਮਾ**

ਵਿਧਾਇਕ ਫਾਜ਼ਿਲਕਾ ਸ੍ਰੀ ਨਰਿੰਦਰਪਾਲ ਸਿੰਘ ਸਵਨਾ ਅਤੇ ਡਿਪਟੀ ਕਮਿਸ਼ਨਰ ਫਾਜ਼ਿਲਲਕਾ ਸ੍ਰੀਮਤੀ ਬਬੀਤਾ ਕਲੇਰ ਦੀ ਹਾਜ਼ਰੀ ਵਿੱਚ ਸਿਵਲ ਹਸਪਤਾਲ ਦੀ ਨਵੀਂ ਬਿਲਡਿੰਗ ਵਿਖੇ ਗੁਰੂ ਰਾਮਦਾਸ ਲੰਗਰ ਸੇਵਾ ਸੁਸਾਇਟੀ ਜ਼ਿਲ੍ਹਾ ਹੁਸ਼ਿਆਰਪੁਰ ਵੱਲੋਂ ਲੰਗਰ ਛਕਾਉਣ ਦੀ ਸ਼ੁਰੂਆਤ ਕੀਤੀ ਗਈ ਹੈ।

ਇਸ ਮੌਕੇ ਵਿਧਾਇਕ ਫਾਜ਼ਿਲਕਾ ਸ੍ਰੀ ਨਰਿੰਦਰਪਾਲ ਸਿੰਘ ਸਵਨਾ ਨੇ ਕਿਹਾ ਕਿ ਗੁਰੂ ਰਾਮਦਾਸ ਜੀ ਲੰਗਰ ਸੇਵਾ ਸਥਾਨ ਜ਼ਿਲ੍ਹਾ ਹੁਸ਼ਿਆਰਪੁਰ ਦਾ ਬਹੁਤ ਹੀ ਚੰਗਾ ਉਪਰਾਲਾ ਹੈ ਕਿ ਉਨ੍ਹਾਂ ਨੇ ਸਾਡੇ ਜ਼ਿਲ੍ਹੇ ਫਾਜ਼ਿਲਕਾ ਵਿੱਚ ਆਪਣਾ ਲੰਗਰ ਲਗਾਇਆ ਹੈ। ਉਨ੍ਹਾਂ ਕਿਹਾ ਕਿ ਇਹ ਬਹੁਤ ਹੀ ਸ਼ਲਾਘਾਯੋਗ ਕਦਮ ਹੈ, ਇਸ ਨਾਲ ਹਸਪਤਾਲ ਵਿੱਚ ਇਲਾਜ ਕਰਵਾਉਣ ਲਈ ਆਉਣ ਵਾਲੀ ਗਰੀਬ ਜਨਤਾ ਨੂੰ ਕਾਫੀ ਫਾਇਦਾ ਹੋਵੇਗਾ।

ਡਿਪਟੀ ਕਮਿਸ਼ਨਰ ਫਾਜ਼ਿਲਕਾ ਸ੍ਰੀਮਤੀ ਬਬੀਤਾ ਕਲੇਰ ਨੇ ਕਿਹਾ ਕਿ ਗੁਰੂ ਰਾਮ ਦਾਸ ਲੰਗਰ ਸੇਵਾ ਸੁਸਾਇਟੀ ਦਾ ਬਹੁਤ ਵਧੀਆ ਉਪਰਾਲਾ ਹੈ।ਉਨ੍ਹਾਂ ਕਿਹਾ ਕਿ ਇਸ ਉਪਰਾਲੇ ਸਦਕਾ ਗਰੀਬ ਲੋਕਾਂ ਨੂੰ ਲੰਗਰ ਮਿਲੇਗਾ। ਉਨ੍ਹਾਂ ਕਿਹਾ ਕਿ ਕਈ ਵਾਰ ਮਰੀਜ਼ਾਂ ਦੇ ਨਾਲ ਆਉਣ ਵਾਲੇ ਪਰਿਵਾਰਕ ਮੈਂਬਰ ਦੂਰੋਂ ਆਉਂਦੇ ਹਨ ਅਤੇ ਰੋਟੀ ਖਾਣ ਲਈ ਉਨ੍ਹਾਂ ਨੂੰ ਆਪਣੇ ਘਰ ਤੱਕ ਜਾਣਾ ਮੁਸ਼ਕਲ ਹੁੰਦਾ ਹੈ। ਉਨ੍ਹਾਂ ਕਿਹਾ ਕਿ ਇਹ ਧੰਨ ਗੁਰੂ ਰਾਮ ਦਾਸ ਸਾਹਿਬ ਜੀ ਲੰਗਰ ਸੇਵਾ ਸੁਸਾਇਟੀ ਵੱਲੋਂ ਰੋਜ਼ਾਨਾ ਸਵੇਰੇ 11 ਵਜੇ ਤੋਂ ਸ਼ਾਮ 4 ਵਜੇ ਤੱਕ ਲੰਗਰ ਛਕਾਇਆ ਜਾਵੇਗਾ।

ਲੰਗਰ ਸੇਵਾ ਸੁਸਾਇਟੀ ਤੋਂ ਸ. ਬੂਟਾ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਧੰਨ ਗੁਰੂ ਰਾਮਦਾਸ ਲੰਗਰ ਸੇਵਾ ਸਥਾਨ ਪੁਰ ਹੀਰਾਂ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਫਰਵਰੀ 2019 ਵਿੱਚ ਇਹ ਲੰਗਰ ਸੇਵਾ ਆਰੰਭ ਹੋਈ, ਜਿਸ ਵਿੱਚ ਲੰਗਰ ਪ੍ਰਸ਼ਾਦਾ ਤਿਆਰ ਕਰਨ ਲਈ ਆਧੁਨਿਕ ਮਸ਼ੀਨਾਂ ਲਗਾਈਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਲੰਗਰ ਸੇਵਾ ਸਥਾਨ ਵੱਲੋਂ ਬੇਸਹਾਰਾ ਬਜ਼ੁਰਗਾਂ ਦੀ ਸਾਂਭ ਸੰਭਾਲ ਲਈ ਹੁਸ਼ਿਆਰਪੁਰ ਵਿਖੇ ਇਕ ਬਿਰਧ ਆਸ਼ਰਮ ਵੀ ਬਣਾਇਆ ਜਾ ਰਿਹਾ ਹੈ ਅਤੇ ਲੋੜਵੰਦਾਂ ਨੂੰ ਫ੍ਰੀ ਦਵਾਈਆਂ ਦੀ ਸੇਵਾ ਵੀ ਜਲਦੀ ਦੀ ਆਰੰਭ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਅੱਜ ਵੀਰਵਾਰ ਨੂੰ ਇਸ ਲੰਗਰ ਹਾਲ ਤੋਂ ਮਾਲਵਾ ਖੇਤਰ ਦੇ ਸਾਰੇ ਸਿਵਲ ਹਸਪਤਾਲਾਂ ਅਤੇ ਹੋਰ ਲੋੜਵੰਦ ਸਥਾਨਾਂ ਤੇ ਲੰਗਰ ਸੇਵਾ ਆਰੰਭ ਕੀਤੀ ਜਾ ਰਹੀ ਹੈ।

ਇਸ ਮੌਕੇ ਲੰਗਰ ਸੇਵਾ ਸੁਸਾਇਟੀ ਸ. ਮੱਖਣ ਸਿੰਘ, ਬਾਬਾ ਮਨਜੀਤ ਸਿੰਘ, ਸ. ਗੁਰਲਿਆਕਤ ਸਿੰਘ, ਡਾ. ਰੋਹਿਤ, ਡਾ. ਐਰਿਕ, ਡਾ. ਅਰਪਿਤ, ਇੰਜੀਨੀਅਰ ਪਾਰਸ ਕਟਾਰੀਆ ਆਦਿ ਹਾਜ਼ਰ ਸਨ।

# ਭਗਵਾਨ ਸਰ ਵਿਖੇ ਦੋ ਰੋਜ਼ਾ ਮੇਲਾ ਧੂਮਧਾਮ ਤੇ ਸ਼ਰਧਾ ਨਾਲ ਮਨਾਇਆ ਗਿਆ, ਪ੍ਰਬੰਧਕਾਂ ਨੇ ਆਏ ਹੋਏ ਮਹਿਮਾਨਾਂ ਨੂੰ ਸਨਮਾਨਿਤ ਵੀ ਕੀਤਾ



**ਜੰਡਿਆਲਾ ਗੁਰੂ/ਜਸਪਾਲ ਸ਼ਰਮਾ**

ਤਪ ਅਸਥਾਨ ਗੁਰਦੁਆਰਾ ਬਾਬਾ ਬਖਸ਼ੀਸ਼ ਸਿੰਘ 108 ਭਗਵਾਨ ਸਰ ( ਰੱਖ ਦੇਵੀਦਾਸਪੁਰਾ, ਅਮਰਕੋਟ ) ਵਿਖੇ ਸਲਾਨਾ ਦੋ ਰੋਜ਼ਾ ਜੋੜ ਮੇਲਾ ਬੜੀ ਸ਼ਰਧਾ ਤੇ ਧੂਮ-ਧਾਮ ਨਾਲ ਮਨਾਇਆ ਗਿਆ । ਇਸ ਮੌਕੇ ਤੇ ਪੰਥਕ ਵਿਦਵਾਨਾਂ ਨੇ ਆਪਣੇ - ਆਪਣੇ ਵਿਚਾਰ ਪੇਸ਼ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਗੁਰਦੁਆਰਾ ਦੇ ਮੁੱਖ ਸੇਵਾਦਾਰ ਬਾਬਾ ਕਰਮਬੀਰ ਸਿੰਘ, ਕਥਾਵਾਚਕ ਭਾਈ ਹਰਪ੍ਰੀਤ ਸਿੰਘ ਜੌਹਲ, ਭਾਈ ਦਲਬੀਰ ਸਿੰਘ ਫ਼ੌਜੀ, ਸਵਿੰਦਰ ਸਿੰਘ ਸੇਠ ਵਡਾਲਾ ਜੌਹਲ, ਸਾਬਕਾ ਸਰਪੰਚ ਗੁਰਭੇਜ ਸਿੰਘ ਵਡਾਲਾ ਜੌਹਲ, ਭਾਈ ਬਲਵਿੰਦਰ ਸਿੰਘ ਹਜ਼ੂਰੀ ਗ੍ਰੰਥੀ ਦਰਬਾਰ ਸਾਹਿਬ, ਢਾਡੀ ਜੱਥਾ ਭਾਈ ਖੜਕ ਸਿੰਘ, ਭਾਈ ਕੇਵਲ ਸਿੰਘ ਮਹਿਤਾ, ਅਨੂਪ ਸਿੰਘ, ਸਰਪੰਚ ਅਮਰੀਕ ਸਿੰਘ, ਨੰਬਰਦਾਰ ਬਲਦੇਵ ਸਿੰਘ, ਹਰਵਿੰਦਰ ਸਿੰਘ ਜੌਹਲ, ਬਾਈ ਦੇਵੀਦਾਸ ਪੁਰਾ, ਭਾਈ ਗੁਰਵਿੰਦਰ ਸਿੰਘ ਦੇਵੀਦਾਸ ਪੁਰਾ, ਰਸ਼ਪਾਲ ਸਿੰਘ ਮੇਹਰਬਾਨਪੁਰਾ, ਪ੍ਰਧਾਨ ਨਵਤੇਜ ਸਿੰਘ ਅਮਰਕੋਟ, ਹਰਜਿੰਦਰ ਸਿੰਘ ਦੇਵੀਦਾਸ ਪੁਰਾ, ਰਾਜਬੀਰ ਸਿੰਘ ਵਡਾਲੀ ਡੋਗਰਾਂ, ਰਾਣਾ ਹੇਅਰ, ਭਾਈ ਗੁਰਭਿੰਦਰ ਸਿੰਘ, ਭਾਈ ਚਮਕੌਰ ਸਿੰਘ ਤੇ ਇਲਾਕੇ ਦੀਆਂ ਸੰਗਤਾਂ ਨੇ ਗੁਰੂ ਨਤਮਸਤਕ ਹੋ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ । ਮੇਲੇ ਦੀ ਸਮਾਪਤੀ ਮੌਕੇ ਪ੍ਰਬੰਧਕਾਂ ਜਿਨ੍ਹਾਂ @ਚ ਨੇ ਆਏ ਹੋਏ ਮਹਿਮਾਨਾਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਵੀ ਕੀਤਾ ਗਿਆ।

# ਜੰਡਿਆਲਾ ਗੁਰੂ ਵਿੱਚ ਹਰ ਰੋਜ਼ ਹੋ ਰਹੀਆਂ ਚੋਰੀਆਂ, ਏਸੀ ਵੀ ਕੀਤੇ ਜਾ ਰਹੇ ਹਨ ਚੋਰੀ



**ਜੰਡਿਆਲਾ ਗੁਰੂ /ਜਸਪਾਲ ਸ਼ਰਮਾ**

ਜੰਡਿਆਲਾ ਗੁਰੂ ਵਿੱਚ ਹਰ ਰੋਜ਼ ਚੋਰੀਆਂ ਦੀਆਂ ਵਾਰਦਾਤਾਂ ਹੋ ਰਹੀਆਂ ਹਨ,ਚੋਰੀਆਂ ਰੁਕਣ ਦਾ ਨਾਮ ਨਹੀਂ ਲੈ ਰਹੀਆਂ ।ਆਏ ਦਿਨ ਇੱਥੇ ਮੋਬਾਈਲ ਖੋਹੇ ਜਾਂਦੇ ਹਨ , ਕਿਤੇ ਨਾ ਕਿਤੇ ਚੋਰੀ ਦੀਆਂ ਵਾਰਦਾਤਾਂ ਨੂੰ ਅੰਜਾਮ ਦਿੱਤਾ ਜਾਂਦਾ ਹੈ। ਲੋਕ ਪਹਿਲੀ ਘਟਨਾ ਨੂੰ ਨਹੀਂ ਭੁੱਲਦੇ ਕਿ ਉੱਥੇ ਇਹ ਦੂਜੀ ਘਟਨਾ ਹੋ ਜਾਂਦੀ ਹੈ।ਇਸੇ ਤਰ੍ਹਾਂ ਵੀਰਵਾਰ ਰਾਤ ਸਥਾਨਕ ਬੱਸ ਸਟੈਂਡ ਸਥਿਤ ਸੇਵਾ ਕੇਂਦਰ ਦੇ ਲਾਗੇ ਚਿਕਨ ਦੀ ਦੁਕਾਨ ਦੇ ਦਰਵਾਜ਼ੇ ਦੇ ਜਿੰਦਰੇ ਤੋੜ ਕੇ ਅੰਦਰ ਪਏ ਇਨਵਰਟਰ ਅਤੇ ਵੱਡਾ ਬੈੱਟਰਾ ਚੋਰੀ ਕਰ ਲਿਆ।ਇਸੇ ਤਰ੍ਹਾਂ ਇਸ ਦੁਕਾਨ ਦੇ ਲਾਗੇ ਅਮਰਜੀਤ ਦੀ ਦੁਕਾਨ ਦੇ ਵੀ ਜ਼ਿੰਦਰੇ ਤੋੜੇ।ਇਕ ਹੋਰ ਘਟਨਾ ਸ਼ੇਖਫ਼ਤਾ ਦਰਵਾਜੇ ਦੇ ਨਜਦੀਕ ਗੁਰੁਦਵਾਰਾ ਸਾਹਿਬ ਵਿੱਚੋਂ ਏ.ਸੀ ਅਤੇ ਸਾਰਾ ਯੂਨਿਟ ਚੋਰੀ ਕਰ ਲਿਆ।ਇਸੇ ਤਰ੍ਹਾਂ ਸੇਵਾ ਕੇਂਦਰ ਦੇ ਲਾਗੇ ਇਕ ਕੰਪਿਊਟਰ ਦੀ ਦੁਕਾਨ ਦੀ ਛੱਤ ਉੱਪਰ ਲੱਗਾ ਏ ਸੀ ਵੀ ਚੋਰਾਂ ਨੇ ਚੋਰੀ ਕੀਤਾ। ਦੁਕਾਨਦਾਰਾਂ ਨੇ ਦੱਸਿਆ ਕਿ ਜਦੋਂ ਉਹ ਇਸ ਦੀ ਸੂਚਨਾ ਦੇਣ ਚੌਂਕੀ ਗਏ ਟਾ ਓਥੇ ਕੋਈ ਮੁਲਾਜਮ ਨਹੀਂ ਮਿਲਿਆ।ਲਗਭਗ ਅੱਧਾ ਘੰਟਾ ਉਡੀਕ ਕਰਨ ਤੋਂ ਬਾਅਦ ਫਿਰ ਦੁਕਾਨਦਾਰਾਂ ਨੇ ਡੀ ਐਸ ਪੀ ਜੰਡਿਆਲਾ ਗੁਰੂ ਸੁਖਵਿੰਦਰਪਾਲ ਸਿੰਘ ਨੂੰ ਮੋਬਾਈਲ ਫ਼ੋਨ ਕੀਤਾ ਤੇ ਸਾਰੀ ਘਟਨਾ ਤੋਂ ਜਾਣੂ ਕਰਵਾਇਆ ਤੇ ਇਹ ਵੀ ਕਿਹਾ ਕਿ ਚੌਂਕੀ ਵਿਖੇ ਕੋਈ ਮੁਲਾਜਮ ਨਹੀਂ ਮਿਲਿਆ।ਇਸ ਤੇ ਡੀ ਐਸ ਪੀ ਜੰਡਿਆਲਾ ਗੁਰੂ ਨੇ ਮੁਲਾਜਮ ਨੂੰ ਭੇਜਿਆ ਤੇ ਓਹਨਾ ਨੇ ਦਰਖ਼ਾਸਤ ਦਿੱਤੀ।ਇਸ ਤਰ੍ਹਾਂ ਦੀਆਂ ਵਾਰਦਾਤਾਂ ਸ਼ਹਿਰ ਅਤੇ ਇਲਾਕਾ ਵਿੱਚ ਦੇਖਣ ਨੂੰ ਮਿਲ ਰਹੀਆਂ ਹਨ।ਲੋਕ ਪ੍ਰਸ਼ਾਸਨ ਤੋਂ ਸ਼ਹਿਰ ਵਿੱਚ ਪੁਲੀਸ ਗਸ਼ਤ ਵਧਾਉਣ ਦੀ ਮੰਗ ਕਰ ਰਹੇ ਹਨ ਤੇ ਇਹ ਵੀ ਮੰਗ ਕੀਤੀ ਹੈ ਕੇ ਚੋਰਾਂ ਨੂੰ ਫੜ ਕੇ ਲੋਕਾਂ ਨੂੰ ਇਨਸਾਫ਼ ਦਿੱਤਾ ਜਾਵੇ।

# ਪ੍ਰਦੂਸ਼ਣ ਰਹਿਤ ਸੂਰਜੀ ਊਰਜਾ ਨਾਲ ਚੱਲੇਗਾ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ

## -60 ਕਿਲੋਵਾਟ ਦਾ ਸੋਲਰ ਪਾਵਰ ਯੂਨਿਟ ਕੰਪਲੈਕਸ ਦੀ ਛੱਤ ਤੇ ਸਥਾਪਿਤ



**ਫਾਜਿਲਕਾ/ਗੌਰਵ ਸ਼ਰਮਾ**

ਫਾਜਿਲਕਾ ਦਾ ਜਿ ?ਲ੍ਹਾ ਪ੍ਰਬੰਧਕੀ ਕੰਪਲੈਕਸ ਜਿਸ ਵਿਚ ਡਿਪਟੀ ਕਮਿਸ਼ਨਰ ਦਫ਼ਤਰ ਸਮੇਤ ਵੱਖ ਵੱਖ ਵਿਭਾਗਾਂ ਦੇ ਦਫ਼ਤਰ ਹਨ, ਵਿਚ ਬਿਜਲੀ ਲੋੜਾਂ ਦੀ ਪੂਰਤੀ ਲਈ ਸੂਰਜੀ ਊਰਜਾ ਪੈਦਾ ਕਰਨ ਲਈ ਸੋਲਰ ਪਾਵਰ ਯੁਨਿਟ ਸਥਾਪਿਤ ਕੀਤਾ ਗਿਆ ਹੈ। ਇਹ ਜਾਣਕਾਰੀ ਜਿ ?ਲ੍ਹੇ ਦੇ ਡਿਪਟੀ ਕਮਿਸ਼ਨਰ ਸ੍ਰੀਮਤੀ ਬਬੀਤਾ ਕਲੇਰ ਆਈਏਐਸ ਨੇ ਦਿੱਤੀ ਹੈ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਸ ਯੁਨਿਟ ਨਾਲ ਦਫ਼ਤਰਾਂ ਦੀ ਜਰੂਰਤਾਂ ਲਈ ਪ੍ਰਦੂਸ਼ਣ ਰਹਿਤ ਤਰੀਕੇ ਨਾਲ ਪੈਦਾ ਹੋਈ ਬਿਜਲੀ ਮਿਲੇਗੀ। ਇਹ ਯੁਨਿਟ ਪੇਡਾ ਦੀ ਮਦਦ ਨਾਲ ਸਥਾਪਿਤ ਕੀਤਾ ਗਿਆ ਹੈ। ਇਸ ਨਾਲ ਸਰਕਾਰ ਦੇ ਗਰੀਨ ਊਰਜਾ ਨੂੰ ਉਤਸਾਹਿਤ ਕਰਨ ਦੇ ਪ੍ਰੋਗਰਾਮ ਨੂੰ ਬਲ ਮਿਲੇਗਾ। ਜਦ ਕਿ ਦਫ਼ਤਰਾਂ ਦੇ ਬਿਜਲੀ ਬਿੱਲਾਂ ਵਿਚ ਵੀ ਵੱਡੀ ਕਟੌਤੀ ਹੋਵੇਗੀ ਅਤੇ ਵਾਤਾਵਰਨ ਨੂੰ ਪ੍ਰਦੂ ?ਸ਼ਣ ਮੁਕਤ ਕਰਨ ਵਿਚ ਸਹਾਇਤਾਂ ਹੋਵੇਗੀ। ਇਸ ਸੋਲਰ ਯੂਨਿਟ ਤੋਂ ਜਿੰਨ੍ਹੀ ਬਿਜਲੀ ਪੈਦਾ ਹੋਵੇਗੀ ਉਹ ਜ਼ੇਕਰ ਥਰਮਲ ਪਾਵਰ ਪਲਾਂਟ ਤੋਂ ਪੈਦਾ ਹੁੰਦੀ ਤਾਂ ਉਸ ਨਾਲ ਪੈਦਾ ਹੋਣ ਵਾਲੀ ਕਾਰਬਨਡਾਈਆਕਸਾਈਡ ਗੈਸ ਦੇ ਨਿਪਟਾਰੇ ਲਈ 270 ਦਰਖਤ ਲਗਾਉਣ ਦੀ ਜਰੂਰਤ ਪੈਂਦੀ।

ਇਹ ਪਲਾਂਟ ਸਥਾਪਿਤ ਕਰਵਾ ਰਹੀ ਏਂਜਸੀ ਪੇਡਾਂ ਦੇ ਜਿ ?ਲ੍ਹਾ ਮੈਨੇਜਰ ਸ੍ਰੀ ਤ੍ਰਿਪਤਜੀਤ ਸਿੰਘ ਨੇ ਦੱਸਿਆ ਕਿ ਇਸ ਪਲਾਂਟ ਤੋਂ ਸਾਲ ਭਰ ਵਿਚ 87000 ਯੁਨਿਟ ਬਿਜਲੀ ਪੈਦਾ ਹੋਵੇਗੀ। ਉਨ੍ਹਾਂ ਨੇ ਕਿਹਾ ਕਿ ਪਹਿਲੇ ਤਿੰਨ ਸਾਲਾਂ ਵਿਚ ਪ੍ਰੋਜ਼ੈਕਟ ਦੀ ਕੀਮਤ ਜਿੰਨ੍ਹੀ ਬਿਜਲੀ ਪੈਦਾ ਹੋ ਜਾਵੇਗੀ ਤੇ ਉਸਤੋਂ ਬਾਅਦ ਇਹ ਬਿਜਲੀ ਬਿਲਕੁੱਲ ਮੁਫ਼ਤ ਦੇ ਭਾਅ ਮਿਲੇਗੀ। ਸੋਲਰ ਯੁਨਿਟ ਸਥਾਪਿਤ ਕਰਨ ਵਾਲੇ ਕੰਪਨੀ ਸੋਲੀਡਸ ਟੈਕਨੋਪਾਵਰ ਦੇ ਬੀਡੀਐਮ ਖੁਸਵਿੰਦਰ ਸਿੰਘ ਨੇ ਦੱਸਿਆ ਕਿ ਇਸਤੇ 21 ਲੱਖ ਰੁਪਏ ਦੀ ਲਾਗਤ ਆਈ ਹੈ ਅਤੇ ਇਸ ਦੀ ਉਮਰ 25 ਸਾਲ ਹੈ। ਉਨ੍ਹਾਂ ਨੇ ਕਿਹਾ ਕਿ ਰੋਜਾਨਾ ਇਹ ਯੁਨਿਟ 240 ਬਿਜਲੀ ਯੁਨਿਟ ਪੈਦਾ ਕਰੇਗਾ।

# ਸਹਾਇਕ ਕਮਿਸ਼ਨਰ (ਫੂਡ) ਡਾ: ਪੰਨੂੰ ਵੱਲੋਂ ਖਾਣ-ਪੀਣ ਦੀਆਂ ਵਸਤਾਂ ਵੇਚਣ ਵਾਲੇ ਕਾਰੋਬਾਰੀਆਂ ਨਾਲ ਮੀਟਿੰਗ





**ਗੁਰਦਾਸਪੁਰ/ਨਵਨੀਤ ਕੁਮਾਰ**

ਕਮਿਸ਼ਨਰ ਫੂਡ ਅਤੇ ਡਰੱਗ ਐਡਮਨਿਸਟਰੇਸ਼ਨ ਪੰਜਾਬ ਅਤੇ ਡਿਪਟੀ ਕਮਿਸਨਰ , ਗੁਰਦਾਸਪੁਰ ਦੇ ਹੁਕਮਾਂ ਤਹਿਤ ਮਿਸ਼ਨ ਤੰਦਰੁਸਤ ਪੰਜਾਬ ਅਧੀਨ ਖਾਣ-ਪੀਣ ਦੀਆਂ ਵਸਤੂਆਂ ਵੇਚਣ ਵਾਲੇ ਕਾਰੋਬਾਰੀਆਂ ਨਾਲ ਮੀਟਿੰਗ ਕੀਤੀ ਗਈ। ਇਸ ਦੌਰਾਨ ਸਹਾਇਕ ਕਮਿਸ਼ਨਰ (ਫੂਡ) ਡਾ ਜੀ. ਐਸ. ਪੰਨੂੰ ਨੇ ਕਾਰੋਬਾਰੀਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਇਸ ਮਿਸ਼?ਨ ਨੂੰ ਕਾਮਯਾਬ ਕਰਨ ਲਈ ਆਪਣਾ ਸਹਿਯੋਗ ਦੇਣ। ਉਨ੍ਹਾਂ ਨੇ ਕਿਹਾ ਕਿ ਕਿਸੇ ਵੀ ਖਾਣ-ਪੀਣ ਦਾ ਸਮਾਨ ਵੇਚਣ ਵਾਲੇ ਲਈ ਫੂਡ ਸੇਫਟੀ ਵਿਭਾਗ ਕੋਲੋ ਲਾਇਸੰਸ ਜਾਂ ਰਜਿਸਟਰੇਸ਼ਨ ਲੈਣਾ ਜਰੂਰੀ ਹੈ। ਇਹ ਲਾਇਸੰਸ ਜਾਂ ਰਜਿਸਟਰੇਸ਼ਨ ਦਾ ਕੰਮ ਆਨ ਲਾਈਨ ਹੈ ਅਤੇ ਆਪ ↰↰↰.✚✿↔✲✿↔.✿✿✂.⬅✪ ਦੀ ਸਾਈਟ ਤੇ ਇਸ ਸਬੰਧੀ ਜਾਣਕਾਰੀ ਲੈ ਕੇ ਅਪਲਾਈ ਕਰ ਸਕਦੇ ਹੋ। ਡਾ; ਜੀ . ਐਸ. ਪੰਨੂੰ ਨੇ ਦੱਸਿਆ ਕਿ ਜੇਕਰ ਤੁਹਾਡੇ ਕਾਰੋਬਾਰ ਦੀ ਸੇਲ 12 ਲੱਖ ਰੁਪਏ ਤੋ ਘੱਟ ਹੈ ( ਸਲਾਨਾ ) ਤਾਂ ਤੁਹਾਨੂੰ ਮਹਿਕਮੇ ਤੋ ਰਜਿਸਟਰੇਸ਼ਨ ਲੈਣੀ ਹੈ ਅਤੇ ਜੇਕਰ ਤੁਹਾਡੀ ਸਲਾਨਾ ਸੇਲ 12 ਲੱਖ ਰੁਪਏ ਜਾਂ 12 ਲੱਖ ਰੁਪਏ ਤੋ ਜਿਆਦਾ ਹੈ ਤਾਂ ਤੁਸੀ ਲਾਇਸੰਸ ਅਪਲਾਈ ਕਰਨਾ ਹੈ। ਫੂਡ ਸੇਫਟੀ ਐਕਟ ਦੀਆਂ ਹਦਾਇਤਾਂ ਅਨੁਸਾਰ ਹਰ ਦੁਕਾਨਦਾਰ ਨੂੰ ਆਪਣਾ ਲਾਇਸ਼ੰਸ ਜਾਂ ਰਜਿਸਟਰੇਸ਼ਨ ਆਪਣੀ ਦੁਕਾਨ ਤੇ ਟੰਗ ਕੇ ਰੱਖਣਾ ਜਰੂਰੀ ਹੈ। ਇਸ ਤੋ ਇਲਾਵਾ ਆਪਣੀ ਦੁਕਾਨ ਦੀ ਬਿੱਲ ਬੁੱਕ ਉਪਰ ਲਾਇਸੰਸ ਜਾਂ ਰਾਸਿਟਰੇਸ਼ਨ ਨੰਬਰ ਲਿਖਣਾ ਜਾਂ ਛਿਪਾਉਣਾ ਜਰੂਰੀ ਹੈ ਨਹੀ ਤਾਂ ਫੂਡ ਸੇਫਟੀ ਐਕਟ ਅਨੁਸਾਰ ਕਾਰਵਾਈ ਅਮਲ ਵਿੱਚ ਲਿਆਦੀ ਜਾਵੇਗੀ। ਇਸ ਸਮੇ ਸ੍ਰੀ ਮੁਨੀਸ ਸੋਢੀ ਫੂਡ ਸੇਫਟੀ ਅਫਸਰ ਨੇ ਦੁਕਾਨਦਾਰਾਂ ਨੂੰ ਦੁਕਾਨਾਂ ਤੇ ਸਾਫ ਸੁਥਰਾ ਸਮਾਨ ਵੇਚਣ ਨੂੰ ਕਿਹਾ। ਇਸ ਅਵੇਰਨੈਸ ਕੈਂਪ ਦੋਰਾਂਨ ਡਾ; ਜੀ . ਐਸ . ਪੰਨੂੰ ਨੇ ਕਿਹਾ ਕਿ ਜੋ ਦੁਕਾਨਦਾਰ ਇਹ ਮੀਟਿੰਗ ਅਟੈਂਡ ਕਰ ਰਹੇ ਹਨ। ਉਹ ਆਪਣੇ ਨਾਲ ਕੰਮ ਕਰ ਰਹੇ ਜਾਂ ਹੋਰ ਕਾਰੋਬਾਰੀ ਜੋ ਖਾਣ -ਪੀਣ ਦਾ ਸਮਾਨ ਵੇਚਦੇ ਹਨ , ਉਨ੍ਹਾਂ ਨੂੰ ਵੀ ਇਸ ਸਬੰਧੀ ਜਾਣਕਾਰੀ ਦੇਣ ਤਾਂ ਜੋ ਸਾਰਿਆਂ ਦੇ ਸਹਿਯੋਗ ਨਾਲ ਮਿਲ ਕੇ ਇਸ ਮੁਹਿੰਮ ਨੂੰ ਕਾਮਯਾਬ ਕੀਤਾ ਜਾ ਸਕੇ ਅਤੇ ਆਪਣੇ ਪ੍ਰਦੇਸ ਪੰਜਾਬ ਨੂੰ ਤੰਦਰੁਸਤ ਅਤੇ ਖੁਸਹਾਲ ਪੰਜਾਬ ਬਣਾਇਆ ਜਾ ਸਕੇ।

ਇਸ ਮੀਟਿੰਗ ਵਿੱਚ ਹਲਵਾਈ , ਡੇਅਰੀ , ਰੈਸਟੋਰੈਂਟ , ਕਰਿਆਨਾਂ ਅਤੇ ਢਾਬੇ ਵਾਲਿਆਂ ਨੇ ਸਿਰਕਤ ਕੀਤੀ। ਡਾ; ਜੀ. ਐਸ ਪੰਨੂੰ ਨੂੰ ਦੁਕਾਨਦਾਰਾਂ ਨੇ ਭਰੋਸਾ ਦੁਵਾਇਆ ਕਿ ਉਹ ਆਪਣਾ ਕਾਰੋਬਾਰ ਕਰਨ ਸਮੇ ਚੰਗੀਆਂ ਵਸਤੂਆਂ ਵੇਚਣਗੇ ਆਪਣੇ ਕਾਰੋਬਾਰ ਵਾਲੀ ਜਗ੍ਹਾ ਤੇ ਪੂਰੀ ਸਾਫ ਸਫਾਈ ਦਾ ਧਿਆਨ ਰੱਖਣਗੇ ਤਾਂ ਜੋ ਲੋਕਾਂ ਨੂੰ ਵਧੀਅ ਖਾਣ-ਪੀਣ ਦਾ ਸਮਾਨ ਮਿਲ ਸਕੇ।

# ਗੋਲੇਵਾਲਾ ਵਿਖੇ ਬਣੀ ਗਊਸ਼ਾਲਾ ਦੇ ਸੇਵਾਦਾਰਾਂ ਵੱਲੋਂ ਗਊਸ਼ਾਲਾ ਵਿੱਚ ਵੱਧ ਤੋਂ ਵੱਧ ਕਿਸਾਨ ਵੀਰਾਂ ਨੂੰ ਤੂੜੀ ਪਚਾਉਣ ਦੀ ਕੀਤੀ ਬੇਨਤੀ





**ਫਰੀਦਕੋਟ/ਜਸਵਿੰਦਰ ਸਿੰਘ ਬਰਾੜ ਸਾਧਾਂਵਾਲਾ**

ਜ਼ਿਲ੍ਹਾ ਫ਼ਰੀਦਕੋਟ ਦੇ ਇਲਾਕੇ ਪਿੰਡ ਗੋਲੇਵਾਲਾ ਵਿਖੇ ਬਣੀ ਗਊਸ਼ਾਲਾ ਵਿਚ ਗਊਆਂ ਦੀ ਗਿਣਤੀ ਬਹੁਤ ਜ਼ਿਆਦਾ ਹੈ ਇਸ ਲਈ ਗਊਆਂ ਦੇ ਚਾਰੇ ਲਈ ਹਰੇ ਚਾਰੇ ਅਤੇ ਦਾਣੇ ਖਲ ਤੂੜੀ ਦੀ ਦੀ ਬਹੁਤ ਲੋੜ ਹੁੰਦੀ ਹੈ ਕਿਉਂ ਕੇ ਗਊਆਂ ਦੇ ਢਿੱਡ ਭਰ ਲਈ ਹਰੇਕ ਵਸਤੂ ਦੀ ਲੋੜ ਹੈ ਗਊਸ਼ਾਲਾ ਵਿੱਚ ਕੰਮ ਕਰ ਰਹੇ ਸੇਵਾਦਾਰਾਂ ਵੱਲੋਂ ਕਿਸਾਨ ਵੀਰਾਂ ਨੂੰ ਅਪੀਲ ਕੀਤੀ ਹੈ ਕਿ ਜਿੰਨਾ ਵੀ ਹੋ ਸਕਦਾ ਹੈ ਵੱਧ ਤੋਂ ਵੱਧ ਗਊਸ਼ਾਲਾ ਚ ਤੂੜੀ ਪਚਾਉਣ ਦੀ ਦੀ ਕਿਰਪਾ ਕੀਤੀ ਜਾਵੇ ਤਾਂ ਜੋ ਬੇ ਜ਼ੁਬਾਨੇ ਜਾਨਵਰ ਗਊਆਂ ਆਦਿ ਆਪਣਾ ਢਿੱਡ ਭਰ ਸਕਣ ਇਸ ਮੌਕੇ ਗਊਸ਼ਾਲਾ ਦੇ ਸੇਵਾਦਾਰਾਂ ਨੇ ਪੱਤਰਕਾਰਾਂ ਨਾਲ ਪੱਤਰਕਾਰ ਅੰਗਰੇਜ ਸਿੰਘ ਬਰਾੜ ਗੋਲੇਵਾਲਾ ਨਾਲ ਗੱਲਬਾਤ ਕਰਦਿਆਂ ਦੱਸਿਆ ਹੈ ਕਿ ਬਹੁਤ ਆਸੇ ਪਾਸੇ ਪਿੰਡਾਂ ਦੇ ਲੋਕਾਂ ਨੇ ਤੂੜੀ ਦੀ ਸੇਵਾ ਕੀਤੀ ਹੈ ਤੇ ਜਿੰਨਾ ਵੀ ਹੋ ਸਕਦਾ ਵੱਧ ਤੋਂ ਵੱਧ ਤੂਡ?ੀ ਦੀ ਸੇਵਾ ਗ ਉ ਸ਼ ਾ ਲ ਾ ਗੋਲੇਵਾਲਾ ਵਿਖੇ ਪਹੁੰਚਦੀ ਕਰੋ ਇਸ ਮੌਕੇ ਗਊਸ਼ਾਲਾ ਦੇ ਸੇਵਾਦਾਰਾਂ ਵੱਲੋਂ ਤੂੜੀ ਭੇਜਣ ਵਾਲੇ ਕਿਸਾਨਾਂ ਵੀਰਾਂ ਦਾ ਬਹੁਤ ਬਹੁਤ ਧੰਨਵਾਦ ਵੀ ਅਤੇ ਸੇਵਾਦਾਰਾਂ ਵੱਲੋਂ ਕਿਸਾਨ ਵੀਰਾਂ ਨੂੰ ਬੇਨਤੀ ਕੀਤੀ ਹੈ ਕਿ ਜਿਨ੍ਹਾਂ ਵੀ ਹੋ ਸਕਦਾ ਹੈ ਵੱਧ ਤੋਂ ਵੱਧ ਗਊਸ਼ਾਲਾ ਵਿੱਚ ਤੂੜੀ ਭੇਜੀ ਜਾਵੇ।

# ਡਿਪਸ ਸਕੂਲ ਵਿੱਚ ਬਚਿਆਂ ਨੇ ਚਿੜਿਆਂ ਲਈ ਬਣਾਏ ਆਲ੍ਹਣੇ




**ਜਲੰਧਰ/ਦੀਪਕ ਨਟਰਾਜ, ਰਜੇਸ਼**

ਡਿਪਸ ਸਕੂਲ ਰਈਆ ਵਿਖੇ ਅਧਿਆਪਕਾਂ ਅਤੇ ਬੱਚਿਆਂ ਨੇ ਮਿਲ ਕੇ ਅਨੋਖੇ ਢੰਗ ਨਾਲ ਵਿਸ਼ਵ ਚਿੜੀ ਦਿਵਸ ਮਨਾਇਆ। ਸਕੂਲੀ ਬੱਚਿਆਂ ਨੂੰ ਬਾਗ ਵਿੱਚ ਲਿਜਾ ਕੇ ਚਿੜੀਆਂ ਅਤੇ ਵੱਖ-ਵੱਖ ਪੰਛੀਆਂ ਬਾਰੇ ਜਾਣਕਾਰੀ ਦਿੱਤੀ ਗਈ। ਬੱਚਿਆਂ ਨੇ ਮਿਲ ਕੇ ਰਹਿੰਦ-ਖੂੰਹਦ ਤੋਂ ਆਲ੍ਹਣੇ ਬਣਾ ਕੇ ਬਗੀਚੇ ਦੇ ਦਰੱਖਤਾਂ @ਤੇ ਟੰਗ ਦਿੱਤੇ। ਇਕਨੂਰ ਅਤੇ ਰਵਨੀਤ ਨੇ ਪੰਛੀਆਂ @ਤੇ ਕਵਿਤਾਵਾਂ ਸੁਣਾਇਆਂ। ਬੱਚਿਆਂ ਨੇ ਆਲ੍ਹਣਾ ਟੰਗ ਕੇ ਹਰ ਰੋਜ਼ ਪੰਛੀਆਂ ਨੂੰ ਖੁਆਉਣ ਅਤੇ ਉਨ੍ਹਾਂ ਦੀ ਦੇਖਭਾਲ ਕਰਨ ਦਾ ਵਾਅਦਾ ਕੀਤਾ।

ਬੱਚਿਆਂ ਨੇ ਕਿਹਾ ਕਿ ਜੇਕਰ ਪੰਛੀ ਨਹੀਂ ਰਹੇਗਾ ਤਾਂ ਚੀਕ-ਚਿਹਾੜਾ ਕਰਨ ਵਾਲਾ ਪੰਛੀ ਘਰ ਵਿੱਚ ਨਜ਼ਰ ਨਹੀਂ ਆਉਣਗੇ। ਸ਼ਹਿਰਾਂ ਵਿੱਚ ਵਧਦੀਆਂ ਇਮਾਰਤਾਂ ਅਤੇ ਬਿਜਲੀ ਤਾਰਾਂ ਕਾਰਨ ਪੰਛੀ ਮਰ ਰਹੇ ਹਨ। ਜੰਗਲ ਖ਼ਤਮ ਹੋਣ ਕਾਰਨ ਪੰਛੀਆਂ ਨੂੰ ਆਲ੍ਹਣੇ ਬਣਾਉਣ ਲਈ ਥਾਂ ਨਹੀਂ ਮਿਲਦੀ, ਇਸ ਲਈ ਸਾਨੂੰ ਉਨ੍ਹਾਂ ਦੇ ਠਹਿਰਣ ਦਾ ਪ੍ਰਬੰਧ ਕਰਨਾ ਚਾਹੀਦਾ ਹੈ।

ਪਿ੍ਰੰਸੀਪਲ ਜਗਬੀਰ ਸਿੰਘ ਰੰਧਾਵਾ ਨੇ ਦੱਸਿਆ ਕਿ ਇਹ ਦਿਨ ਦੁਨੀਆ ਦੇ ਹਰ ਦੇਸ਼ 'ਚ ਚਿੜੀ ਦੀ ਸੰਭਾਲ ਪ੍ਰਤੀ ਲੋਕਾਂ ਨੂੰ ਜਾਗਰੂਕ ਕਰਨ ਲਈ ਮਨਾਇਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਗਰਮੀ ਦੇ ਮੌਸਮ ਵਿੱਚ ਪਤਾ ਨਹੀਂ ਕਿੰਨੀਆਂ ਚਿੜੀਆਂ ਪਿਆਸ ਨਾਲ ਮਰ ਜਾਂਦੀਆਂ ਹਨ, ਇਸ ਲਈ ਸਾਰੇ ਬੱਚਿਆਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਘਰਾਂ ਦੀ ਛੱਤ 'ਤੇ ਮਿੱਟੀ ਦੇ ਬਰਤਨ ਰੱਖ ਕੇ ਦਾਣੇ-ਪਾਣੀ ਦਾ ਪ੍ਰਬੰਧ ਕਰਨ।

# ਕਾਬਲਵਾਲਾ ਵਿਖੇ ਪਿਛਲੇ ਦਿਨ ਧੰਨ ਧੰਨ ਬਾਬਾ ਕਰਨੈਲ ਸਿੰਘ ਦੀ ਬਰਸੀ ਮਨਾਈ ਅਤੇ ਫਲਦਾਰ ਛਾਂਦਾਰ ਬੂਟੇ ਵੰਡੇ

**ਫ਼ਰੀਦਕੋਟ/ਜਸਵਿੰਦਰ ਬਰਾੜ ਸਾਧਾਂਵਾਲਾ**

ਪਿੰਡ ਕਾਬਲਵਾਲਾ ਵਿਖੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਪਿਛਲੇ ਦਿਨ ਧੰਨ ਧੰਨ ਬਾਬਾ ਕਰਨੈਲ ਸਿੰਘ ਜੀ ਦੀ ਬਰਸੀ ਬੜੀ ਸ਼ਰਧਾ ਪ੍ਰੇਮ ਭਾਵਨਾ ਨਾਲ ਮਨਾਉਣ ਦੇ ਸਬੰਧ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਵਿੱਤਰ ਬਾਣੀ ਜੀ ਦੇ ਸਹਿਜ ਪਾਠ ਪ੍ਰਕਾਸ਼ ਕਰਵਾਏ ਗਏ ਅਤੇ ਬਿਹਤਰ ਬਾਣੀ ਪੜ੍ਹਨ ਉਪਰੰਤ ਭੋਗ ਪਾਏ ਗਏ ਭੋਗ ਪੈਣ ਉਪਰੰਤ ਸੰਗਤਾਂ ਲਈ ਜਲੇਬੀਆਂ ਪ੍ਰਸ਼ਾਦੇ ਚਾਹ ਦਾ ਲੰਗਰ ਸੰਗਤਾਂ ਨੂੰ ਅਤੁੱਟ ਵਰਤਾਇਆ ਗਿਆ ਇਸ ਮੌਕੇ ਵੱਖ ਵੱਖ ਬੁਲਾਰਿਆਂ ਨੇ ਧੰਨ ਧੰਨ ਬਾਬਾ ਕਰਨੈਲ ਸਿੰਘ ਜੀ ਦੀ ਯਾਦ ਦੇ ਸਬੰਧ ਵਿਚ ਬਾਬਾ ਅਜੀਤ ਸਿੰਘ ਜੀ ਕਾਬਲਵਾਲਾ ਨੇ ਸੰਗਤਾਂ ਵਿਚਾਰ ਵਟਾਂਦਰੇ ਸਾਂਝੇ ਕੀਤੇ ਗਏ ਇਸ ਮੌਕੇ ਬਾਬਾ ਅਜੀਤ ਸਿੰਘ ਨੇ ਦੱਸਿਆ ਹੈ ਕਿ ਇਹ ਬਰਸੀ ਸੰਗਤਾਂ ਦੇ ਸਹਿਯੋਗ ਨਾਲ ਹਰ ਸਾਲ ਬੜੀ ਸ਼ਰਧਾ ਭਾਵਨਾ ਭਾਵਨਾ ਨਾਲ ਮਨਾਈ ਜਾਂਦੀ ਹੈ ਅਤੇ ਬਰਸੀ ਵਾਲੇ ਦਿਨ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸੰਗਤਾਂ ਨੂੰ ਫਲਦਾਰ ਛਾਂਦਾਰ ਬੂਟੇ ਵੰਡੇ ਗਏ ਇਸ ਮੌਕੇ ਪੱਤਰਕਾਰ ਜਸਵਿੰਦਰ ਸਿੰਘ ਬਰਾੜ ਸਾਧਾਂਵਾਲਾ ਨੇ ਦੱਸਿਆ ਹੈ ਕਿ ਜੋ ਏ ਬੂਟੇ ਵੰਡਣ ਦੀ ਰਸਮ ਸੇਵਾਦਾਰ ਕਰ ਰਹੇ ਹਨ ਇਹ ਬਹੁਤ ਹੀ ਸ਼ਲਾਘਾਯੋਗ ਕਦਮ ਹੈ ਬੂਟੇ ਲਾਉਣ ਨਾਲ ਇਕ ਤਾਂ ਵਾਤਾਵਰਨ ਸਾਫ ਹੁੰਦਾ ਹੈ ਅਤੇ ਕੁਝ ਸਾਨੂੰ ਬੀਮਾਰੀਆਂ ਤੋਂ ਰਾਹਤ ਮਿਲਦੀ ਹੈ ਆਓ ਆਪਾਂ ਸਾਰੇ ਰਲ ਮਿਲ ਕੇ ਵੱਧ ਤੋਂ ਵੱਧ



ਦਰੱਖਤ ਲਾਈਏ ਅਤੇ ਵਾਤਾਵਰਣ ਨੂੰ ਸਾਫ ਸੁੱਥਰਾ ਬਣਾਈਏ ਪਰਮਜੀਤ ਸਿੰਘ ਬਰਗਾੜੀ ਜਸਵੀਰ ਸਿੰਘ ਡੂੰਮਵਾਲੀ ਗੁਰਦੇਵ ਸਿੰਘ ਚਰਨ ਚੈਅਰਮੈਨ ਹਰਜਿੰਦਰ ਸਿੰਘ ਸਾਦਿਕ ਪਿੰਦਰ ਸਿੰਘ ਕਾਬਲ ਵਾਲਾਂ ਗੋਪੀ ਕਾਬਲ ਵਾਲਾਂ ਜੈਮਲ ਸਿੰਘ ਜਸਵੀਰ ਸਿੰਘ ਬਰਾੜ ਜੀਤ ਸਿੰਘ ਕਾਕਾ ਨੰਬਰਦਾਰ ਕੇਵਲ ਸਿੰਘ ਕਾਬਲ ਵਾਲਾ ਇਸ ਮੌਕੇ ਬਾਬਾ ਅਜੀਤ ਸਿੰਘ ਅਤੇ ਵਾਹਿਗੁਰੂ ਸਿੰਘ ਕਾਬਲਵਾਲਾ ਨੇ ਬਾਬਾ ਕਰਨੈਲ ਸਿੰਘ ਜੀ ਦੀ ਬਰਸੀ ਤੇ ਪਿੰਡ ਕਾਬਲਵਾਲਾ ਹਾਜ਼ਰੀ ਭਰਨ ਤੇ ਸੰਗਤਾਂ ਨੂੰ ਵਿਸ਼ੇਸ਼ ਤੌਰ ਤੇ ਜੀ ਆਇਆਂ ਆਖਿਆ ਅਤੇ ਧੰਨਵਾਦ ਕੀਤਾ।